ਜੁਲਾਈ 1974
ਨੰ: 13 50 ਸੈਂਟ



# ਵਤਨੋਂ ਦੂਰ



ਸੰਪਾਦਕ:
ਸੁਰਿੰਦਰ ਧੰਜਲ

ੴ LONDON ੴ

# FASHION STORE

4393 Main St. (at 28th Ave.)

Vancouver, B.C.



Importers, Exporters, Wholesaler, Retailers

Indias novelties & Jewellery

Specialist in:-sarees, shirts, ladies, gents and children knitwear, all kinds of fabrics.

## ਲੰਡਨ ਫੈਸ਼ਨ ਸਟੋਰ

ਜਿਥੋਂ ਤੁਹਾਨੂੰ ਇੰਗਲੈਂਡ ਦੀ ਹਰ ਕਿਸਮ ਦੀ ਫੈਸ਼ਨੇਬਲ ਜੀਊਲਰੀ, ਸਾੜੀਆਂ, ਟਰਾਊਜ਼ਰ ਸੂਟ ਤੇ ਸੂਟਾਂ ਦਾ ਕੱਪੜਾ ਬੱਚਿਆਂ ਦੇ ਸੂਟ, ਹਰ ਕਿਸਮ ਦੀਆਂ ਲੇਡੀਜ਼, ਜੈਂਟਸ ਤੇ ਬੱਚਿਆਂ ਦੀਆਂ ਕੋਟੀਆਂ ਨਵੇਂ ਡੀਜ਼ਾਈਨਾਂ ਵਿਚ ਇੰਗਲੈਂਡ ਦੀਆਂ ਸਰਟਾਂ, ਪਗੜੀਆਂ ਵਿਆਹ ਸ਼ਾਦੀਆਂ ਲਈ ਹਾਰ ਸਿਹਰ, ਚੂੜੇ ਤੇ ਹੋਰ ਬਹੁਤ ਕੁਝ ਬਾਜ਼ਾਰ ਨਾਲੋਂ ਸਸਤਾ ਮਿਲਦਾ ਹੈ।

ਅਜ ਹੀ ਪਹੁੰਚ ਕੇ ਲਾਭ ਉਠਾਓ

Business: 876-7515

Residence: 879-3401

Manager: Sarbjit Singh Aawla



FOR

LIFE INSURANCE

EDUCATION PLAN

MORTGAGE PLAN

Retirement registered Saving Plan

and all other kinds of insurance

**Contact**

# DALJIT SANDHU

Office 685-7231

Residence 278-0491



## ਦਲਜੀਤ ਸੰਧੂ

## National Life of Canada

Suite 501, 1155—West Pender Street

Vancouver, B.C. Phone: 685-7231

WATNO DUR ART FOUNDATION

ਵਤਨੋਂ ਦੂਰ

ਆਰਟ ਫਾਊਂਡੇਸ਼ਨ

a non-profitable organisation

• ਮਾਸਕ-ਪੱਤਰ 'ਵਤਨੋਂ ਦੂਰ' ਦੀ ਸੱਭਿਆਚਾਰਕ-ਖੇਤਰ ਵਿੱਚ ਇੱਕ ਅਹਿਮ ਪ੍ਰਾਪਤੀ •

• ਅਗਾਂਹਵਧੂ ਸੱਭਿਆਚਾਰਕ ਪ੍ਰਦਰਸ਼ਨੀ ਦੇ ਅਮਰ ਕਲਾਕਾਰਾਂ ਨੂੰ ਸੰਗਠਤ ਕਰਨ ਦਾ ਉਦੇਸ਼ ਰਖਣ •

• ਆਪਣੇ ਆਪਣੇ ਕਲਾ-ਖੇਤਰ ਵਿੱਚ ਪ੍ਰਗਤੀਸ਼ੀਲ, ਨਵੇਂ ਸਥਾਪਤ ਕੀਤੇ ਸੰਗੀਤ, ਡਰਾਮਾ ਤੇ ਤੈਗ਼ਜ਼ ਵਿਭਾਗ •

## AFTER

SUCCESSFUL 'INTER-CULTURAL VARIETY SHOW' ON 12-5-74,

**WE ARE GOING TO STAGE FULL LENGTH PLAYS (HINDI-PANJABI)**

Ladies & gentlemen, interested to participate in our productions, are requested to contact: **WATNO DUR :- 874 -5403.**

# THE WATNO DUR ART FOUNDATION

TO PARTICIPATE IN

## FOLK FEST' 74.

ਵਤਨੋਂ ਦੂਰ

# ਸਾਲਾਨਾ ਅੰਕ

TELEPHONE:- 874-5403

ANNUAL SUBSCRIPTION: \$5.00 : ਸਾਲਾਨਾ ਚੰਦਾ

HALF-YEARLY SUBSCRI.: \$3.00 : ਛਿਮਾਹੀ ਚੰਦਾ

VOL. II S. NO. 13 SECOND CLASS MAIL REG. NO. 3233 JULY 1974 PRICE: 50 ¢

LITERARY & CULTURAL MONTHLY OF PANJABI

## THE WATNO DŪR

Post Box No. 1041
Coquitlam, B.C., Canada


'ਲੋਕ' ਕਹਿਣ ਪ੍ਰਦੇਸੀ ਸਾਨੂੰ ;
ਅਸੀਂ ਵਤਨ ਦਾ ਨੂਰ।
ਦਿਲ ਸਾਡੇ ਵਿੱਚ ਵਤਨ ਵਸੇਂਦਾ,
ਬੇਸ਼ੱਕ 'ਵਤਨੋਂ ਦੂਰ'!
ਨੇੜੇ ਨੇ ਵਤਨਾਂ ਦੀਆਂ ਸਧਰਾਂ,
ਕਰੀਆਂ ਚਕਨਾਚੂਰ !
ਪਰ ਜ਼ੁਲਮਾਂ ਦੀਆਂ ਰਾਤਾਂ 'ਚੋਂ ਕੋਈ,
ਸੂਰਜ ਚੜ੍ਹੂ ਜ਼ਰੂਰ ।




editor:
**SURINDER DHANJAL**
asstt. editor:
**BHUPINDER DHALIWAL**
managing editor: CHARANJEET SIDHOO
advertising editor: DILJIT TOOR
art editor: NIRMAL DHALIWAL
circulation editor: J. BHANGU

## SPECIAL REPRESENTATIVES

MANITOBA :- RAMESH SAFFRI (WINNIPEG)
B.C. :- SUKHPAL TALLEWALIA - BURNABY
BALBIR DHALIWAL - BURNABY
KARAMJIT GHUMAN - SURREY
GURCHARAN TALLEWALIA - N.W.M.
LATT BHINDER - KAMLOOPS
H. MANN & J. AULAKH - PR. GEORGE
SURDEV JATANA - PR. RUPERT.

ਮੁੱਖ ਚਿੱਤਰ:-
ਨਿਰਮਲ ਧਾਲੀਵਾਲ

ਇਸ ਅੰਕ ਦੇ ਰੂਪਕਾਰ:-
ਨਿਰਮਲ, ਸੁਰਿੰਦਰ,
ਨਿੰਦੀ ਤੇ ਲਾਟ

ਸੰਪਾਦਕ:
ਸੁਰਿੰਦਰ ਧੰਜਲ

ਸਹਾ: ਸੰਪਾਦਕ:
ਭੁਪਿੰਦਰ ਧਾਲੀਵਾਲ

PUBLISHER:-
TARA SINGH HAYER

## ਇਸ ਅੰਕ ਵਿਚ

ਕਵਿਤਾ

ਕੇਸਰ ਸਿੰਘ, ਨਵਤੇਜ ਭਾਰਤੀ, ਸੁਰਿੰਦਰ ਧੰਜਲ, ਸਾਧੂ, ਅਸੀਮ ਪ੍ਰੀਤ, ਮਨਮੋਹਨ ਨਾਗ, ਕਰਮ ਸਿੰਘ, ਅਮਰਜੀਤ ਮਾਨ, ਨਾਟ ਬਿਡਰ, ਰਮੇਸ਼ ਸਫਰੀ, ਗੁਰਮੇਲ ਰਾਹੀ, ਗਿਲ ਮੋਰਾਂਵਾਲੀ, ਨਰਿੰਦਰ ਭਾਗੀ, ਕੇਵਲ, ਦਲਜੀਤ ਤੂਰ, ਧਰਮ ਸਿੰਘ, ਬਖਸ਼ੀਸ਼ ਢਿਲੋਂ, ਕਸ਼ਮੀਰਾ ਸਿੰਘ ਚਮਨ, ਊਧਮ ਰਖਰਾ, ਪਾਲ ਮਾਨ, ਇੰਦਰਜੀਤ ਸਿੰਘ ਜੀਤ, ਜੋਰਾ ਸਿੰਘ ਰਾਇ, ਸੀਮਾ ਗਿਲ, ਸਰਦਾਰਾ ਮਾਹਿਲ, ਗੁਰਸ਼ਰਨ ਸਿੰਘ ਸੇਖੋਂ ਸ਼ਮਸ਼ੇਰ ਸੰਧੂ, ਫੂਲ ਚੰਦ ਮਾਨਵ, ਹਰਚਰਨ ਸੰਧੂ, ਹਰਭਜਨ ਮਾਂਗਟ, ਹਰਿੰਦਰ ਮਹਿਬੂਬ, ਗੁਰਦੇਵ ਨਿਰਧਨ ਰਣਧੀਰ ਸਿੰਘ ਚੰਦ, ਭੂਸ਼ਨ, ਗੁਰਚਰਨ ਰਾਮਪੁਰੀ, ਸੁਰਜੀਤ ਸੁਰਤੀ, ਅਜਮੇਰ ਸੁਰਤੀ,

ਕਹਾਣੀ :-

ਗੁਲ ਚੌਹਾਨ, ਜਸਬੀਰ ਗੁਰਮ, ਹਰਭਜਨ ਪੁਰੇਵਾਲ, ਤੇਜ ਭਮੀਪੁਰੀ, ਰਣਜੀਤ ਕਿਂਗਰਾ, ਪ੍ਰੀਤ ਰਾਊਕੇ,

ਸ਼ਾਜ਼ ਅਤੇ ਆਵਾਜ਼:-ਬਲਦੇਵ ਗਰੇਵਾਲ,

ਇਸ ਅੰਕ ਦਾ ਨਾਵਲ:-ਰਾਜਿੰਦਰ ਸਿੰਘ ਬੇਦੀ,

ਸੰਜੀਵਨੀ ਬੂਟੀ:- ਦਲੀਪ ਸਿੰਘ ਕ੍ਰਿਪਾਲ

## ਹਿੰਮਤ ਨਾ ਹਾਰੋ!

ਜੇ ਹਿੰਮਤ ਅਰ ਦਲੇਰੀ ਤੋਂ ਕੰਮ ਨ ਲੈਂਦਾ ਤਾਂ ਅੰਤ ਸਮੇਂ ਤੀਕ ਸ਼ੇਕਸਪੀਅਰ ਊਨ ਕਤਦਾ ਰਹਿੰਦਾ, ਕੋਲੰਬਸ ਬੇੜੀ ਚਲਾਂਦਾ ਰਹਿੰਦਾ, ਲਿੰਕਨ ਰੇਲ ਪਟੜੀ ਵਿਛਾਉਣ ਵਾਲਾ ਮਜ਼ਦੂਰ ਹੀ ਰਹਿੰਦਾ, ਕਮਾਂਡਰ ਸਰ ਕਲੌਡਸਲੇ ਜੁਤੀਆਂ ਸੀਂਦਾ ਰਹਿੰਦਾ, ਅਮ੍ਰੀਕਾ ਦਾ ਪ੍ਰਧਾਨ ਜਨਰਲ ਗਰਾਂਟ ਚਮੜਾ ਰੰਗਦਾ ਰਹਿੰਦਾ, ਇਬ੍ਰਾਹਮ ਲਿੰਕਨ ਖੇਤੀ ਵਾਂਹਦਾ ਰਹਿੰਦਾ, ਨਾਦਰਸ਼ਾਹ ਭੇਡਾਂ ਬਕਰੀਆਂ ਚਾਰਦਾ ਰਹਿੰਦਾ, ਰਾਜਾ ਬੀਰਬਲ ਅਕਬਰ ਦੇ ਦਰਬਾਰ ਵਿਚ ਵਜ਼ੀਰੀ ਦੀ ਥਾਂ ਵਾਣ ਵਟਦਾ ਰਹਿੰਦਾ, ਫੋਰਡ ਮੋਟਰ ਕੰਪਨੀ ਦਾ ਮਾਲਕ ਹੈਨਰੀਫੋਰਡ ਮਾਲੀ ਦਾ ਕੰਮ ਕਰਦਾ! ਈਰਾਨ ਦਾ ਬਾਦਸ਼ਾਹ ਰਜ਼ਾਸ਼ਾਹ ਪਹਿਲਵੀ ਅਸਤਬਲ ਵਿਚ ਘੋੜਿਆਂ ਦੀ ਲਿਦ ਸਾਫ਼ ਕਰਦਾ ਰਹਿੰਦਾ, ਤੇਲ ਦਾ ਬਾਦਸ਼ਾਹ ਰਾਕਫੈਲਰ, ਖੇਤੀ ਕਰਦਾ, ਇੰਗਲੈਂਡ ਦਾ ਪ੍ਰਧਾਨ ਮੰਤਰੀ ਰੈਮਜ਼ੇ ਮੈਕਡਾਨਲਡ ਖੇਤਾਂ ਵਿਚ ਹਲ ਚਲਾਇਆ ਕਰਦਾ, ਤੇ ਗਰਾਂਟ ਅੰਤ ਤੀਕ ਜੁਤੀਆਂ ਗੰਢਦਾ ਰਹਿੰਦਾ। ਇਨ੍ਹਾਂ ਲੋਕਾਂ ਹਿੰਮਤ ਨਹੀਂ ਹਾਰੀ ਤੇ ਸਦਾ ਉਤਸ਼ਾਹ ਵਿਚ ਰਹਿਕੇ ਆਪਣੇ ਉਜਲ ਭਵਿਸ਼ ਲਈ ਜਦੋਜਹਿਦ ਕਰਦੇ ਰਹੇ, ਤੇ ਅੰਤ ਉਚੀ ਤੋਂ ਉਚੀ ਪਦਵੀ ਤੇ ਜਾ ਪੁਜੇ। ਤੁਸੀਂ ਵੀ ਆਪਣਾ ਨਿਸ਼ਾਨਾ ਮਿਥ ਲਉ, ਨਾਕਾਮੀਆਂ ਤੋਂ ਨਾ ਡਰੋ, ਹਾਰਾਂ ਤੋਂ ਨਾ ਘਬਰਾਉ ਰਾਹ ਵਿਚ ਆਈਆਂ ਰੁਕਾਵਟਾਂ ਨੂੰ ਪੂਰੇ ਤਾਣ ਨਾਲ ਦੂਰ ਕਰੋ, ਤਾਂ ਆਪਣੇ ਮਿਥੇ ਮੰਤਵ ਵਿਚ ਅਵੱਸ਼ ਸਫਲ ਹੋਵੋਗੇ।

IMPORTERS · EXPORTERS · WHOLESALERS · RETAILERS

**ROKKO SAREES & FABRICS**

OWNED AND OPERATED BY B. S. KHURANA AND SONS AND GRANDSONS

6201 FRASER ST., (At 46th Ave.)
VANCOUVER-15, B.C., CANADA.

PHONE: 327-3033

# ਐਡੀਟੋਰੀਅਲ

(ਵਤਨੋਂ ਦੂਰ ਪ੍ਰਬੰਧਕੀ ਬੋਰਡ)

ਇਸ ਅੰਕ ਨਾਲ 'ਵਤਨੋਂ ਦੂਰ' ਆਪਣੀ ਉਮਰ ਦੇ ਦੂਜੇ ਦੌਰ ਵਿੱਚ ਪੈਰ ਧਰਦਾ ਹੈ। ਪਹਿਲੇ ਦੌਰ ਵਿੱਚ ਅਸੀਂ 'ਸ਼ਰਧਾਂਜਲੀ ਅੰਕ', 'ਸੰਗਰਾਮ ਅੰਕ', 'ਗੁਰੂ ਨਾਨਕ ਅੰਕ', 'ਨਵਾਂ ਸਾਲ ਅੰਕ' ਅਤੇ 'ਸ਼ਹੀਦ ਭਗਤ ਸਿੰਘ ਅੰਕ' ਪਾਠਕਾਂ ਤੱਕ ਪੁਚਾਏ ਹਨ। ਕੈਨੇਡਾ ਅਤੇ ਭਾਰਤ ਦੇ ਪ੍ਰਸਿੱਧ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਪਾਠਕਾਂ ਦੀ ਭੇਟ ਕੀਤੀਆਂ ਹਨ। ਲਗਾਤਾਰ ਮਿਹਨਤ ਨਾਲ 'ਇਸ ਅੰਕ ਦਾ ਨਾਇਕ', 'ਫੱਟੀਪੋਚ', 'ਸਾਜ਼ ਅਤੇ ਆਵਾਜ਼' ਅਤੇ 'ਸੰਜੀਵਨੀ ਬੂਟੀ' ਸਥਾਈ ਕਾਲਮਾਂ ਨਾਲ, ਇਕ ਖ਼ਾਸ ਢਾਂਚਾ ਉਸਾਰਕੇ, ਹਰ ਤਰ੍ਹਾਂ ਦੇ ਸਾਹਿੱਤਕ ਤੇ ਸੱਭਿਆਚਾਰਕ ਵਿਸ਼ੇ ਉਤੇ ਹੱਥ ਅਜ਼ਮਾਇਆ ਹੈ। ਇਸ ਸਾਲ ਵਿੱਚ ਅਸੀਂ ਹੋਰ ਅਜਿਹੀਆਂ-ਤਬਦੀਲੀਆਂ ਦੇ ਨਾਲ, ਦੋ ਹੋਰ ਸਥਾਈ-ਕਾਲਮ, 'ਮਾਨਵਤਾ' ਤੇ 'ਕਲਾ ਤੇ ਜ਼ਿੰਦਗੀ' ਸ਼ੁਰੂ ਕਰਨ ਬਾਰੇ ਵੀ ਸੋਚ ਰਹੇ ਹਾਂ।

ਆਪਣੀ ਅਗਾਂਹ-ਵਧੂ, ਲੋਕ-ਸਮਰਥਕ, ਦਿਸ਼ਾ ਕਾਰਣ ਜਿੱਥੇ ਅਸੀਂ ਬਹੁਤ ਸਾਰੇ ਚੇਤੰਨ ਤੇ ਸੂਝਵਾਨ ਲੇਖਕਾਂ ਅਤੇ ਪਾਠਕਾਂ ਦਾ ਸਹਿਯੋਗ ਹਾਸਲ ਕੀਤਾ ਹੈ; ਉੱਥੇ 'ਚੰਗੀਆਂ', 'ਨੈਸਰਬਾਜ਼ਾਂ', 'ਪ੍ਰਗਤੀ-ਸ਼ੋਪਰੀਆਂ' ਅਤੇ 'ਅਕਲ ਦੇ ਅੰਨ੍ਹਿਆਂ' ਨਾਲ ਵੀ ਵਾਹ ਪਿਆ ਹੈ। ਹਰ ਤਰ੍ਹਾਂ ਦੇ, ਲੁਕੇ-ਛਿਪੇ ਤੇ ਘਟੀਆ ਹਮਲਿਆਂ ਦਾ ਸ਼ਿਕਾਰ ਸਾਨੂੰ ਬਣਾਇਆ ਗਿਆ ਹੈ, ਪਰ ਪੂਰੇ ਸਬਰ-ਭਰੇ ਵਿਸ਼ਵਾਸ ਨਾਲ ਅਸੀਂ ਨਿਰੰਤਰ ਤੁਰਦੇ ਹਾਂ।

ਕੈਨੇਡਾ ਦੇ ਸਾਰੇ ਵੱਡੇ ਸ਼ਹਿਰਾਂ - ਟੋਰਾਂਟੋ, ਵੈਨਕੂਵਰ, ਮੌਂਟਰੀਆਲ, ਵਿਕਟੋਰੀਆ, ਵਿਨੀਪੈਗ ਆਦਿ - ਵਿਚ ਕਈ ਮਾਸਕ ਤੇ ਦੈਨਿਕ ਪੰਜਾਬੀ-ਪੱਤਰ ਸ਼ੁਰੂ ਹੋਏ, ਪਰ ਲੋਕਾਂ ਦੇ ਵੇਖਦਿਆਂ ਵੇਖਦਿਆਂ ਹੀ ਆਪਣੇ ਗੈਰ-ਸਾਹਿੱਤਕ ਤੇ ਸਵਾਰਥੀ ਮੰਤਵਾਂ ਕਾਰਣ ਮਰ ਗਏ। ਸਾਡੇ ਸਾਹਮਣੇ ਵੀ ਅਨੇਕਾਂ ਸਵਾਲ ਆਉਂਦੇ ਰਹੇ ਹਨ। ਕੈਨੇਡਾ ਵਿੱਚ ਕੋਈ ਪੰਜਾਬੀ ਪ੍ਰੈੱਸ ਨਹੀਂ ਤੇ ਪਰਚਾ OFFSET PROCESSING ਰਾਹੀਂ ਛਪਦਾ ਹੈ। ਕੈਨੇਡਾ ਤੇ ਭਾਰਤ ਦੀਆਂ ਡਾਕ-ਦਰਾਂ ਕਾਰਣ ਡਾਕ-ਸੰਪਰਕ ਕਿਸੇ ਤਰ੍ਹਾਂ ਵੀ ਵਿਸ਼ਵਾਸ-ਯੋਗ ਨਹੀਂ। ਕੈਨੇਡਾ ਤੇ ਭਾਰਤ ਦੇ ਲੇਖਕਾਂ ਦੇ ਅਨੁਭਵ ਵੱਖਰੇ ਹੋਣ ਕਰਕੇ ਰਚਨਾਵਾਂ ਦੀ ਚੋਣ ਲਈ ਵੱਖਰੇ ਪੈਮਾਨੇ ਵਰਤਣੇ ਪੈਂਦੇ ਹਨ। ਕੈਨੇਡਾ ਦੇ ਨਵੇਂ ਲੇਖਕਾਂ ਦੀਆਂ ਰਚਨਾਵਾਂ, ਪੰਜਾਬੀ ਸਾਹਿੱਤ ਤੋਂ ਟੁੱਟ ਜਾਣ ਕਾਰਣ ਬਹੁਤ-ਕੱਚੀਆਂ ਹੁੰਦੀਆਂ ਹਨ ਤੇ ਬਹੁਤ ਜ਼ਿਆਦਾ ਧਿਆਨ ਮੰਗਦੀਆਂ ਹਨ। ਉਂਜਾਂ ਤੇ ਇਹੋ ਜਾਣਦਾ ਹੈ ਪੰਜਾਬੀ ਦੇ ਕੁਝ ਵੱਡੇ ਲੇਖਕ ਵੀ; ਇੱਕ ਪਾਸੇ ਤਾਂ ਕੈਨੇਡਾ ਵਿੱਚ ਪੰਜਾਬੀ ਦੇ ਸਾਹਿੱਤਕ ਤੇ ਸੱਭਿਆਚਾਰਕ ਸੰਕਟ ਦਾ ਰੋਣਾ ਪਾਉਂਦੇ ਨਹੀਂ ਥੱਕਦੇ ਤੇ ਦੂਜੇ ਪਾਸੇ, (ਪਤਾ ਨਹੀਂ ਕਿਉਂ!); 'ਵਤਨੋਂ ਦੂਰ' ਨੂੰ ਆਪਣੇ ਕੱਦੋਂ-ਨੀਵਾਂ ਸਮਝਕੇ ਆਪਣੀਆਂ ਰਚਨਾਵਾਂ (ਖ਼ਿਰਾਂ ਕਈ ਉਚੇਰੀਆਂ ਬਣਤੀਆਂ ਦੇ) ਭੇਜਣਾ ਗੁਨਾਹ ਸਮਝਦੇ ਹਨ। ਬਹੁਤ ਸਾਰੇ ਪਾਠਕ, ਚੰਗੀ ਆਰਥਿਕ ਅਵੱਸਥਾ ਕਾਰਣ, ਸੰਜੀਦਾ ਸਾਹਿੱਤ-ਅਧਿਐਨ ਨਾਲੋਂ 'ਸ਼ਰਾਬ ਦੀ ਬੋਤਲ' ਨੂੰ ਜ਼ਿਆਦਾ ਮਹੱਤਵਪੂਰਣ ਸਮਝਦੇ ਹਨ। ਸੋ ਇਨ੍ਹਾਂ ਗੱਲਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਕੈਨੇਡਾ ਵਰਗੇ ਦੇਸ਼ ਵਿੱਚ; ਜਿਸਦੀ ਹਾਲੇ ਆਪਣੀ ਕੋਈ ਖ਼ਾਸ ਸਾਹਿੱਤਕ ਪਰੰਪਰਾ ਨਹੀਂ ਹੈ; ਉਸ ਦੇਸ਼ ਵਿੱਚ 'ਪੰਜਾਬੀ ਬੋਲੀ' ਦਾ ਇੱਕ 'ਉਦੇਸ਼-ਪੂਰਣ' 'ਸਾਹਿੱਤਕ ਤੇ ਸੱਭਿਆਚਾਰਕ' ਮਾਸਕ-ਪੱਤਰ ਚਲਾ ਲੈਣਾ, ਔਖਾ ਹੀ ਨਹੀਂ; ਸਗੋਂ ਲਗਭਗ ਅਸੰਭਵ ਹੈ! ਅਸੀਂ ਮਿਹਨਤ ਤੇ ਸੱਚਾਈ ਦੀਆਂ ਪੈੜਾਂ ਰਾਹ, ਲੋਕ-ਹਿਤੂ ਤੇ ਅਗਾਂਹਵਧੂ ਰਚਨਾਵਾਂ ਨੂੰ ਪਹਿਲ ਦਿੰਦੇ ਹਾਂ। ਅਸੀਂ ਆਪਣੇ ਆਲੇ ਦੁਆਲੇ ਦਾ ਯਥਾ-ਯੋਗ ਵਿਸ਼ਲੇਸ਼ਣ ਕਰਕੇ ਤੇ ਆਪਣੇ ਆਪ ਨੂੰ ਤੋਲਕੇ ਆਪਣਾ ਪੱਧਰ ਨਿਸ਼ਚਤ ਕੀਤਾ ਹੈ। ਧੁਰਿਹਰੇ ਤੋਂ ਭਲਾ ਕਿਵੇਂ ਕੋਈ ਅੱਖਾਂ ਮੀਟ ਸਕਦਾ ਹੈ? ਏਸੇ ਲਈ ਅਸੀਂ ਆਲੇ-ਦੁਆਲੇ ਤੋਂ ਅੱਖਾਂ ਮੀਟਣੀ ਕੱਟੜਤਾ ਦੇ ਵਿਰੋਧੀ ਹਾਂ।

ਪਤਾ ਨਹੀਂ, ਕਿਸ ਵਿਸ਼ਲੇਸ਼ਣ ਦੇ ਆਧਾਰ ਤੇ ਕੁਝ 'ਫ਼ਿਲਾਸਫ਼ਰ' ਸਾਨੂੰ ਤਰ੍ਹਾਂ ਤਰ੍ਹਾਂ ਦੇ ਇਲਜ਼ਾਮ ਦੇਕੇ ਆਪਣਾ ਦਿਲ ਖ਼ੁਸ਼ ਕਰਦੇ ਹਨ। ਭਲਾ ਕੋਈ ਪੁੱਛੇ; ਉਪਰੋਕਤ ਹਾਲਤਾਂ ਵਿੱਚ ਅਸੀਂ ਇਕ ਚੰਗਾ ਪੰਜਾਬੀ-ਪੱਤਰ ਸਥਾਪਤ ਕਰਨ ਦੀ ਕੋਸ਼ਿਸ਼ ਕਰਕੇ ਕੀ ਗੁਨਾਹ ਕਰ ਰਹੇ ਹਾਂ?? ਨਿਸ਼ਸੰਦੇਹ, ਅਸੀਂ ਪੱਤਰ ਪ੍ਰਕਾਸ਼ਤ ਕਰਕੇ ਕਿਸੇ ਤੇ ਕੋਈ ਅਹਿਸਾਨ ਨਹੀਂ ਕਰ ਰਹੇ; ਸਗੋਂ ਆਪਣਾ ਫ਼ਰਜ਼ ਅਦਾ ਕਰ ਰਹੇ ਹਾਂ। ਅਸੀਂ ਕਦੇ 'ਮਹਾਨ' ਹੋਣ ਦਾ ਸ਼ੌਕ ਵੀ ਨਹੀਂ ਪਾਲਿਆ। [illegible]

ਖ਼ੈਰ! ਆਪਣੀ ਦ ਸੀਮਾ ਹੈ ਤੇ ਆਪਣੀ ਆਪਣੀ 'ਦਿਮਾਗ਼ੀ ਪੱਧਰ'! ਸਾਡੇ ਤੇ ਤੁਹਮਤਾਂ ਥੱਪਣ ਤੇ ਘਟੀਆ ਵਾਰ ਕਰਨ ਵਾਲਿਆਂ ਨੂੰ ਉਨ੍ਹਾਂ ਦੀਆਂ ਇਹ 'ਮਹਾਨ-ਸਰਗਰਮੀਆਂ' ਮੁਬਾਰਕ ਹੋਣ! 'ਤੁਹਮਤਾਂ ਥੱਪਣ' ਨਾਲੋਂ 'ਕੁਝ ਕਰਕੇ ਵਿਖਾਉਣਾ' ਕਿਤੇ ਜ਼ਰੂਰੀ ਹੈ, ਤੇ ਕਿੰਨਾ ਔਖਾ ਵੀ! ਫਿਰ ਵੀ ਅਸੀਂ ਹਰ ਵੰਗਾਰ ਨੂੰ ਖਿੜੇ-ਮੱਥੇ ਕਬੂਲਦੇ ਹਾਂ!

ਸ਼ੈਲੀ ਵਿੱਚ ਵਿਸ਼ੇ ਵਜੋਂ ਹੀ ਕਰੜੇ ਸ਼ਬਦਾਂ ਦੀ ਵਰਤੋਂ ਲਈ ਸੂਝਵਾਨ ਪਾਠਕਾਂ ਤੋਂ ਖ਼ਿਮਾ ਮੰਗਦੇ ਹਾਂ!

# 'ਮੈਂ ਮਾਨਵ ਹਾਂ, ਤੂੰ ਮਾਨਵ ਹੈਂ'

ਕੇਸਰ ਸਿੰਘ
(ONOWAY, ALBERTA)

## ਕੈਨੇਡਾ ਦੇ ਕਵੀ

ਦੇਸ ਬਦੇਸ ਮੈਂ ਗਾਹੇ
ਦੇਸ ਬਦੇਸ ਦੀ ਧਰਤੀ ਵਿਚੋਂ
ਮੈਨੂੰ ਖ਼ੁਸ਼ਬੂ ਆਏ।
ਚਿਟੀ ਧਰਤੀ
ਕਾਲੀ ਧਰਤੀ
ਪੀਲੀ ਧਰਤੀ
ਭੂਰੀ ਕੋਈ ਸਦਾਏ
ਕਾਲੇ, ਭੂਰੇ, ਗੋਰੇ, ਪੀਲੇ
ਇਕ ਦੂਜੇ ਦੇ ਜਾਈ
ਸਭ ਦੀ ਇਕੋ ਬਾਣੀ –
'ਮੈਂ ਆਦਮ ਹਾਂ,
ਤੂੰ ਆਦਮ ਹੈਂ।'
ਫਿਰ ਗੋਲੀ ਕੌਣ ਚਲਾਏ?
ਰੱਤ-ਨਦੀਆਂ ਕੌਣ ਵਗਾਏ?
ਮਾਂ ਦੀਆਂ ਦੋਧੀਆਂ
ਛਾਤੀਆਂ ਉਤੋਂ
ਚੀਰੇ ਕੌਣ ਲੁਹਾਏ?
ਦੁਧੀਆਂ ਨਾਲ ਪਲਮਦੇ ਬੱਚੇ
ਜੀਂਦੇ ਕੌਣ ਜਲਾਏ?

ਦੇਸ ਬਦੇਸ ਮੈਂ ਗਾਹੇ
ਜਿਥੇ ਵੇਖਾਂ ਪਿਆਰ ਹਰਿਆ ਹੈ।
ਪਿਆਰ ਦੀ ਪੱਤੀ ਵਿਚ
ਜੀਵਨ ਹੈ।
ਪਿਆਰ-ਪੱਤੀ ਦੇ ਜੀਵਨ ਦਾ
ਜੀਂਦਾ ਪਰਛਾਵਾਂ
ਮੇਰੇ ਨੈਣਾਂ ਵਿੱਚ ਵਸ ਜਾਏ।
ਦੇਸ ਬਦੇਸ ਦੇ ਪਿਆਰਾਂ ਵਿਚੋਂ
ਉਭਰ ਉਭਰ ਲੈਂਦੀ ਅੰਗੜਾਈਆਂ
ਮਾਨਵਤਾ ਦਿਸ ਆਏ।
ਪਿਆਰ ਵੀ ਮਾਨਵ
ਮੱਕੀ ਮਾਨਵ
ਛੋਟੇ ਅਤੇ ਜਵਾਨ ਮਾਨਵ
ਕਾਲੇ ਮਾਨਵ, ਗੋਰੇ ਮਾਨਵ,
ਭੂਰੇ ਮਾਨਵ, ਪੀਲੇ ਮਾਨਵ,
'ਮੈਂ ਮਾਨਵ ਹਾਂ,
ਤੂੰ ਮਾਨਵ ਹੈਂ।'
ਫਿਰ ਸੋਨੇ-ਰੰਗੇ ਖੇਤ ਕਣਕ ਦੇ
ਹਰੇ ਭਰੇ ਛੋਲਾਂ ਦੇ ਸਿੱਟੇ
ਕੌਣ ਜਲਾਏ?
ਤੀਲੀ ਕੌਣ ਲਗਾਏ?

ਦੇਸ ਬਦੇਸ ਮੈਂ ਗਾਹੇ
ਧਰਤੀ ਵਿੱਚ ਅਟੱਲਤਾ ਵੇਖੀ
ਦ੍ਰਿੜ੍ਹਤਾ ਦੇਖੀ ਵਿੱਚ ਪਹਾੜਾਂ
ਉਤਸੁਕਤਾ ਵੇਖੀ ਵਿੱਚ ਸਾਗਰ
ਸ਼ਾਂਤੀ ਵੇਖੀ ਵਿੱਚ ਪੁਲਾੜਾਂ
ਸਤ-ਰੰਗੀਆਂ ਪੀਂਘਾਂ ਮੈਂ ਤੱਕੀਆਂ
ਆਕਾਸ਼ਾਂ ਵਿੱਚ ਲੈਣ ਹੁਲਾਰੇ
ਘੁੱਗੀਆਂ ਅਤੇ ਗੁਟਾਰਾਂ ਤੱਕੀਆਂ
ਫਰ ਫਰ ਕੰਬਦੇ ਖੰਭ ਉਨ੍ਹਾਂ ਦੇ
ਧਰਤ-ਆਕਾਸ਼ੀਂ ਲੈਣ ਨਜ਼ਾਰੇ।
ਲੰਮ ਸਲੰਮੇ ਦਰਿਆ ਤੱਕੇ
ਮਾਹੀਆਂ ਠੰਢੀਆਂ ਤੱਤੀਆਂ ਪੌਣਾਂ
ਜੋਏ ਤੱਕੇ, ਮੁਟਿਆਰਾਂ ਤੱਕੀਆਂ
ਕਾਲੇ ਤੱਕੇ, ਗੋਰੇ ਤੱਕੇ
ਭੂਰੇ ਤੱਕੇ, ਪੀਲੇ ਤੱਕੇ
ਸਭ ਗਿਣੇ
ਨੌਂ + ਦੋ = ਗਿਆਰਾਂ
ਫਿਰ ਮਾਂ ਧਰਤੀ ਦੀ ਛਾਤੀ ਉਤੇ
ਜੰਗਲਾਂ ਵਿਚ ਪਹਾੜਾਂ ਵਿਚ
ਸਾਗਰਾਂ ਅਤੇ ਪੁਲਾੜਾਂ ਵਿਚ
ਖੌਰੂ ਕੌਣ ਮਚਾਏ?
ਕੌਣ ਵਿੰਨ੍ਹੇ ਸਤ-ਰੰਗੀਆਂ ਪੀਂਘਾਂ,
ਸੁੰਦਰਤਾ ਵਿਚ ਕੁਹਜ ਰਚਾਏ,
ਚਾਨਣ ਵਿਚ ਹਨੇਰ ਮਿਲਾਏ?
ਸਤ-ਰੰਗੀਆਂ ਪੀਂਘਾਂ ਦੇ
ਲੀਰੇ ਕੌਣ ਚੁਆਏ?
ਖੰਭ ਕੌਣ ਤੋੜੇ ਘੁੱਗੀਆਂ ਦੇ?
ਮਾਰੇ ਕੌਣ ਗੁਟਾਰਾਂ?
ਕੌਣ ਹਵਾ ਵਿੱਚ ਗੈਸਾਂ ਛੱਡੇ?
ਕੌਣ ਪਾਣੀ ਵਿੱਚ ਘੋਲੇ ਜ਼ਹਿਰਾਂ?
ਮੁਟਿਆਰਾਂ ਨੂੰ ਰੰਡੀਆਂ ਕਰਦਾ
ਜਣਿਆਂ ਨੂੰ ਹੱਥ-ਕੜੀਆਂ ਜੜਦਾ,
ਕੌਣ ਯਤੀਮ ਬਣਾਏ?
ਬੀਜੇ ਫਸਲ ਜਾਤੀਆਂ ਵਾਲੀ
ਹੱਟੀ ਕੌਣ ਚਲਾਏ?
'ਮੈਂ ਮਾਨਵ ਹਾਂ
ਤੂੰ ਮਾਨਵ ਹੈਂ'
ਕਹਿੰਦਿਆਂ ਸ਼ਰਮ ਨਾ ਆਏ!

ਮੂੰਹ ਹਨੇਰ,
ਨਵੇਂ ਸੂਰਜ ਦੀ ਲਾਲੀ ਵੇਲੇ
ਧੁੰਦ ਜਾਪੇ ਧਰਤੀ 'ਚੋਂ ਉਗਦੀ
ਫੈਲ ਤੁਪਕੇ ਤਿਗਾਸ ਅਸਮਾਨੀਂ
ਉੱਚੇ ਉੱਚੇ ਰੁੱਖ ਚੀਲਾਂ ਦੇ –
ਤਿੱਖੀਆਂ ਤਿੱਖੀਆਂ ਸੂਈਆਂ
ਵਿਚ ਫ਼ਿਜ਼ਾ ਦੇ ਰੁਮਕ ਰੁਮਕ ਕੇ
ਖ਼ੁਸ਼ਬੂ ਪਏ ਵੰਡਾਵਣ।
ਰਿਣਮਿਣ ਰਿਣਮਿਣ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

ਕਿਣਮਿਣ ਪਿਛੋਂ
ਧਰਤੀ ਮਾਂ ਦੀ ਗੋਦੀ ਵਿਚੋਂ
ਕਾਲੇ, ਗੋਰੇ, ਭੂਰੇ, ਪੀਲੇ
ਉਗਦੇ ਹੱਥ
ਇਕ ਦੂਜੇ ਵੱਲ ਆਵਣ
ਇਕ ਦੂਜੇ ਦੀਆਂ ਉਂਗਲਾਂ ਦੀ ਛੋਹ
ਤ੍ਰੇਲ-ਤੁਪਕੇ ਦੇ ਵਾਂਗੂੰ ਕੋਮਲ
ਛੋਹ ਨੂੰ ਪਈ ਲਲਚਾਏ।
ਫੁੱਲਾਂ ਦੀ ਖ਼ੁਸ਼ਬੋ
ਸਵੇਰ-ਸਾਰ ਦੀ ਲਾਲੀ
ਗੋਰੇ, ਕਾਲੇ, ਭੂਰੇ, ਪੀਲੇ
ਹੱਥਾਂ ਦੀ ਖ਼ੁਸ਼ਬੋ ਵਿਚ
ਘੁਲਮਿਲ, ਘੁਲਮਿਲ ਜਾਏ
ਗੋਰੇ, ਕਾਲੇ, ਭੂਰੇ, ਪੀਲੇ
ਹੱਥਾਂ ਵਿੱਚੋਂ
ਮੈਨੂੰ ਖ਼ੁਸ਼ਬੂ ਆਏ
'ਮੈਂ ਮਾਣਦੇ ਹਾਂ,
ਤੂੰ ਮਾਣਦੇ ਹੈਂ
ਕਹਿੰਦਿਆਂ ਲੱਜ਼ਤ ਆਏ।

ਦੇਸ਼ ਪਰਦੇਸ਼ ਮੈਂ ਗਾਹੇ
ਦੇਸ਼ ਪਰਦੇਸ਼ ਦੇ ਲੋਕਾਂ ਵਿਚੋਂ
ਉਭਰ ਉਭਰ ਲੈਂਦੀ ਅੰਗੜਾਈਆਂ
ਮਾਨਵਤਾ ਦਿਸ ਆਏ।
ਦੇਸ਼ ਪਰਦੇਸ਼ ਦੀ ਧਰਤੀ ਵਿਚੋਂ
ਮੈਨੂੰ ਖ਼ੁਸ਼ਬੂ ਆਏ।
ਮਾਨਵਤਾ ਦੀ ਖ਼ੁਸ਼ਬੂ ਵਿਚੋਂ
ਲੋਕਾਂ ਜੀਵਨ ਪਾਏ
ਕਾਲੇ, ਗੋਰੇ, ਭੂਰੇ, ਪੀਲੇ,
ਮੇਰੇ ਮਾਂ-ਪਿਓ ਜਾਏ।

ਕੈਨੇਡਾ ਦੇ ਨਾਵਲਕਾਰ
ਸ੍ਰ: ਕੇਸਰ ਸਿੰਘ ਦਾ ਚੌਥਾ ਨਾਵਲ
ਬਾਬਾ ਉਸਮਾਨ
ਛੇਤੀ ਹੀ ਪਾਠਕਾਂ ਦੇ ਹੱਥਾਂ ਵਿਚ ਹੋਵੇਗਾ।

## ਕੱਲ ਦੇ ਸੂਰਜ 'ਚ ਜਨਮਾਂਗਾ ਮੈਂ

ਨਵਤੇਜ ਭਾਰਤੀ
(LONDON, ONTARIO)

ਮੈਂ ਕਿਸ ਦਿਸ਼ਾ ਵੱਲ ਆ ਗਿਆ ਹਾਂ?
ਚਾਰ ਚੁਫੇਰੇ ਦੋਜ਼ਖ਼ੀ ਨ੍ਹੇਰਾ
ਸਾਂ ਸਾਂ ਕਰ ਰਿਹਾ ਹੈ
ਹਰ ਕਦਮ ਧਰਨ ਵੇਲੇ ਤ੍ਰਭਕਦਾ ਹਾਂ
ਜੇ ਹੇਠਾਂ ਧਰਤ ਨਾ ਹੋਈ!

ਆਹ? ਕੋਈ ਪੰਛੀ ਬੋਲਿਆ ਹੈ
ਕਾਸ਼ ਇਸਦੀ ਕੂਕ ਵਿਚ
ਕਿਰਨ ਹੁੰਦੀ!
ਮੈਂ ਅਨ੍ਹੇਰਾ ਟੋਹ ਟੋਹ
ਕੇ ਤੁਰ ਰਿਹਾ ਹਾਂ
ਕਾਸ਼ ਪੰਛੀ ਦੀ ਕੂਕ ਵਿਚ
ਕਿਰਨ ਹੁੰਦੀ।

ਮੈਂ ਨਹੀਂ ਜਾਣਦਾ
ਮੈਂ ਕਿਧਰ ਜਾ ਰਿਹਾ ਹਾਂ
ਪਰ ਜੇ ਸਵੇਰ ਆਉਣ ਤੱਕ
ਮੇਰਾ ਸੂਰਜ ਬੁਝ ਗਿਆ
ਤੂੰ ਉਦਾਸ ਨਾ ਹੋਈਂ
ਮੈਂ ਅਗਲੀ ਰਾਤ ਨੂੰ
ਫਿਰ ਜਾਗ ਪਵਾਂਗਾ
ਅਗਲੇ ਸੂਰਜ ਵਿਚ
ਫਿਰ ਜਨਮ ਲੈ ਲਵਾਂਗਾ!



## ਰਾਤ, ਨੀਂਦ ਤੇ ਸੁਪਨੇ

ਸੁਰਿੰਦਰ ਧੰਜ਼ਲ
(TIDE LAKE, B.C.)

ਮੈਨੂੰ ਹਾਲੇ ਵੀ ਯਾਦ ਹੈ
ਮੇਰਾ ਧੀਂਘ ਛੂਟਦਾ ਬਚਪਨ
ਨਿੱਕਾ ਜਿਹਾ ਦਿਲ:
ਮੇਰੇ ਸੁਪਨਿਆਂ ਦੀ ਜਨਮ-ਭੂਮੀ
ਮਸਤੀ 'ਚ ਪੈਲਾਂ ਪਾਉਂਦੇ
ਮੇਰੇ ਬੇਫ਼ਿਕਰ ਮਾਸੂਮ ਸੁਪਨੇ!

ਮੈਨੂੰ ਹਾਲੇ ਵੀ ਯਾਦ ਹੈ
ਬਚਪਨ ਤੇ ਜਵਾਨੀ ਦਾ ਸੁਮੇਲ
ਦੋਹਾਂ ਦੀ ਧੁੱਕਲ 'ਚ ਗੁਜ਼ਰੀ
ਮੇਰੀ ਸੂਝ ਦੀ ਸੁਹਾਗ-ਰਾਤ
ਮੇਰੀ ਯਾਦ-ਪਟਾਰੀ ਦੀ ਸਦੀਵੀ-ਮਹਿਕ!

ਸੁਪਨੇ ਅੱਜ ਵੀ ਤਰਦੇ ਨੇ ਅੱਖਾਂ 'ਚ
ਪਰ ਉਹ ਤਲਿਸਮੀ-ਰਸਾ ਗਾਇਬ ਹੈ
ਜਿਸ ਨੂੰ ਹੁਣ ਸੁਪਨਿਆਂ ਦੀ
ਜਨਮ-ਭੂਮੀ ਕਹਾਂ ਕਿ ਸ਼ਮਸ਼ਾਨ-ਭੂਮੀ

ਰਾਤ! ਮੇਰੇ ਸੁਪਨੇ ਮੈਨੂੰ ਮੋੜ ਦੇ
ਨੀਂਦ! ਤੂੰ ਸਦਾ ਦੀ ਨੀਂਦ ਨਾ ਬਣ
ਜਿਊਣ ਦੀ ਖ਼ਾਹਸ਼ ਹਾਲੇ ਮਰੀ ਨਹੀਂ!



IMPORTERS EXPORTERS WHOLESALERS RETAILERS
ROKKO SAREES & FABRICS
27-SUSSEX RD., SOUTH CROYDON. LONDON. ENGLAND
Phone 688-4590
OWNED AND OPERATED BY B.S. KHURANA AND SONS AND GRANDSONS

# BB BLOCK BROS. REALTY LTD.

THE LARGEST REAL ESTATE COMPANY
IN B. C.
WITH OFFICES ALL OVER LOWER MAINLAND
FOR ALL KIND OF REAL ESTATE
NEEDS INCLUDING FREE APPRASIAL OF
YOUR HOUSE TO KNOW THE TRUE VALUE
IN TODAYS MARKET.

CONTACT YOUR OWN REALTOR

## DALJIT SIDHU

TOP SALESMAN IN DELTA OFFICE
IN 1973

Also top salesman in January, February, April, 1974

Having completed business over 2 million dollars

Member Diamond Club



ਦਲਜੀਤ ਸਿੱਧੂ

OFFICE: 581-4601
ਦਫ਼ਤਰ:

RESIDENCE: 596-2666
596-9062



# EAST-WEST QUALITY-WEAR



1290—E. 12 (at Kinght)
Vancouver, B.C.

**Phone: 876-7901**

and

7220 Main (at 57th Ave)
Vancouver, B.C.

**Phone: 325-5414**

We are on the top for latest designs, color and quality in all types of fabrics, for sarees and suits, salwar-qamiz, shirts, sweeters, children wears, turbans and many more.

Direct importer-exporter, retailer and wholesaler from India, England, Japan, Hong Kong, Taiwan, Korea and offices in many parts of the world.

**We specialize in everything we sell**

(Wholesale and Retail)

Resident representative in Canada:

## M. S. LAIL

ਦਾਜ, ਵਰੀ ਤੇ ਘਰੇਲੂ ਲੋੜਾਂ ਲਈ ਤੁਹਾਡੇ, ਖ਼ੂਬਸੂਰਤ ਸੂਟ, ਸਾੜ੍ਹੀਆਂ, ਸਾਲਾਂ, ਸਵੈਟਰ, ਪੱਗਾਂ
ਤੇ ਬੱਚਿਆਂ ਦੇ ਕੱਪੜਾ ਆਦਿ ਖਰੀਦਣ ਸਮੇਂ ਸਿਰਫ ਏ ਸਟੋਰ ਦਾ ਨਾਂ ਯਾਦ ਰੱਖੋ।
ਜਿਨ੍ਹਾਂ ਦਾ ਕੇਵਲ ਨਾਹਰਾ ਹੀ ਨਹੀਂ ਸਗੋਂ ਸਾਬਤ ਹੋ ਚੁੱਕਾ ਹੈ ਕਿ ਕੈਨੇਡਾ ਵਿਚ
ਜਿਨ੍ਹਾਂ ਤੋਂ ਸਸਤਾ, ਸੁੰਦਰ ਤੇ ਵਧੀਆ ਕੱਪੜਾ ਤੁਹਾਨੂੰ ਕਿਤੇ ਵੀ ਨਹੀਂ ਮਿਲਦਾ।
ਹਰ ਹਫ਼ਤੇ ਨਵੇਂ ਰੰਗ ਤੇ ਡੀਜ਼ਾਈਨ, ਖੁੱਲ੍ਹਾ ਡੁੱਲ੍ਹਾ ਮਨ-ਪਸੰਦ ਕੱਪੜਾ, ਪਰਚੂਨ ਤੇ ਥੋਕ,

# ਮੇਰੇ ਸੁਪਨੇ

ਸਾਧੂ
(BURNABY, B.C.)

ਆਖ ਰਹੇ ਨੇ ਇਹ 'ਦੁਨੀਆਂ ਵਾਲੇ':
"ਮੈਂ ਸੁਪਨੇ ਨਾ ਲਿਆ ਕਰਾਂ!"

ਬੜੇ ਸ਼ੌਕੀ ਨੇ, ਜਾਂ ਸ਼ਾਇਦ ਕੋਈ ਦੱਸ ਗਿਆ ਏ—
ਮੈਂ ਖਾਧੀ ਏ ਸੁਪਨੇ 'ਚ ਰੋਟੀ ਰੱਜ ਕੇ
ਸੁੱਤਾ ਸਾਂ ਨਰਮ ਪਲੰਘ ਤੇ ਮਿਹਨਤ ਨਾਲ ਹਫ਼ ਕੇ
ਮਿਲਿਆ ਸਾਂ ਆਪਣੀ ਮਹਿਬੂਬ ਨੂੰ
ਖੁੱਲੀਆਂ ਪਾਰਕਾਂ 'ਚ ਰੱਜ ਰੱਜ ਕੇ!
ਇਸੇ ਲਈ ਧਮਕਾ ਰਹੇ ਨੇ ਇਹ
ਤੇ ਰੋਕ ਰਹੇ ਨੇ ਸੁਪਨੇ ਲੈਣ ਤੋਂ।

ਸ਼ਾਇਦ ਇਨ੍ਹਾਂ ਨੂੰ ਪਤਾ ਲੱਗ ਗਿਆ—
ਸੁਪਨੇ 'ਚ ਮੇਰੀ ਜੋ ਸਰਕਾਰ ਸੀ
ਉਥੇ ਨਾ ਕੋਈ 'ਕਾਮੀ' ਤੇ ਨਾ 'ਸਰਦਾਰ' ਸੀ
ਨਾ ਕੋਈ ਸੜਕਾਂ ਤੇ ਸੌਂ ਰਿਹਾ ਸੀ
ਨਾ ਹਰ 'ਸ਼ਹਿਜ਼ਾਦੇ' ਦੇ ਘਰ ਨੂੰ ਜਾਂਦੀ ਸੜਕ ਸੀ
ਸਾਰੇ ਹੀ ਉਥੇ ਜਿਵੇਂ ਸਿਰਫ਼ ਇਨਸਾਨ ਸਨ
ਨਾ ਕਿਸੇ ਦੀ ਪਗੜੀ ਜਾਂ ਚੋਟੀ 'ਚ ਕੋਈ ਫ਼ਰਕ ਸੀ

ਡਰਦੇ ਨੇ, ਮਤੇ ਸੁਪਨਿਆਂ ਨੂੰ ਸੱਚ ਕਰ ਦਿਆਂ
ਤੇ 'ਮੋਟੀਆਂ ਗੋਗੜਾਂ' ਦਾ ਨਾ ਸਫ਼ਾਇਆ ਕਰ ਦਿਆਂ।

ਸੁਣੋ! ਸੁਣੋ, ਓ ਦੁਨੀਆਂ ਦੇ ਮਾਲਕੋ!!
ਮੈਨੂੰ ਦੇਵੋ ਭੁੱਖਾਂ ਖਾਣ ਨੂੰ
ਤੇ ਭਾਵੇਂ ਪਹਿਨਣ ਨੂੰ ਸੂਲਾਂ
ਬਣੇ ਰਹੋ ਲੱਖ 'ਸਰਦਾਰ' ਤੁਸੀਂ
ਮੇਰੇ ਮੋਢਿਆਂ ਤੇ ਰੱਖ ਜੂਲਾ
ਕਰ ਦਿਓ ਭਾਵੇਂ ਅੰਨ੍ਹਾ ਮੈਨੂੰ
ਤੇ ਜਾਂ ਕੋਈ ਅੰਗ-ਵਿਹੂਣਾ —
ਤੁਸੀਂ ਮੇਰੇ ਸੁਪਨੇ ਖੋਹ ਨਹੀਂ ਸਕਦੇ!
ਤੇ ਇਹ ਹਮੇਸ਼ਾਂ ਸੁਪਨੇ ਲੈ ਨਹੀਂ ਸਕਦੇ!!

# ਕੱਲ ਤੇ ਅੱਜ

ਅਸੀਮ ਪ੍ਰੀਤ
(VANCOUVER, B.C.)

ਕੱਲ —
ਅਖ਼ਬਾਰ ਦੇ ਪਹਿਲੇ ਸਫ਼ੇ ਤੇ ਵੱਡੀ ਸੁਰਖ਼ੀ ਸੀ:
'ਨਕਸਲੀਆ ਪੁਲਸ ਮੁਕਾਬਲੇ 'ਚ ਮਾਰਿਆ ਗਿਆ'
ਸਿਰ ਦਾ ਮੁੱਲ ਪੰਜ ਹਜ਼ਾਰ ਸੀ!

ਅੱਜ —
ਦੋ ਸਰਕਾਰੀ ਕੁੱਤੇ ਇਸੇ ਹੀ ਮੁਕਾਬਲੇ ਵਿੱਚ
ਪਰੂਨ ਦਿੱਤੇ ਗਏ
ਪਹਿਲੇ ਸਫ਼ੇ ਤੇ ਹੋਰ ਸੁਰਖ਼ੀ ਬੋਲੀ:
'ਨਕਸਲੀਆਂ ਨੇ ਅੱਤ ਚੁੱਕੀ ਹੋਈ ਹੈ।'

---

# ਵਿਉਂਤਬੰਦੀ

(ਪੰਜਾਬ ਪੁਲੀਸ ਦੇ ਨਾਂ)
ਮਨਮੋਹਨ ਨਾਗਾ - VANCOUVER, B.C.

ਮੈਨੂੰ ਸ਼ਰਮ ਆ ਰਹੀ ਹੈ
ਕਿ ਮੈਂ ਕੁੱਤਿਆਂ-ਕਮੀਨਿਆਂ ਦੇ ਨਾਂ ਲਿਖ ਰਿਹਾ ਹਾਂ

ਕੁੱਤੇ ਦੀਏ ਔਲਾਦੇ!
ਤੁਹਾਡਾ ਹਾਲ ਵੀ ਕੁੱਤੇ ਵਾਲਾ ਹੀ ਰਿਹਾ
ਠੀਕ ਹੀ ਤਾਂ ਹੈ
ਕੁੱਤੇ ਨੂੰ ਭਾਵੇਂ ਰਾਜ-ਗੱਦੀ ਮਿਲ ਜਾਵੇ
ਚੱਕੀ ਚੱਟਣ ਦੀ ਆਦਤ ਨਹੀਂ ਜਾਂਦੀ

ਫਿਰ
ਇਹ ਕਿਉਂ ਭੁੱਲਦੇ ਹੋ
ਕਿ
ਵਧ ਰਹੀ
ਆਬਾਦੀ ਦੀ
'ਵਿਉਂਤਬੰਦੀ' ਕਰਨੀ ਪੈਂਦੀ ਹੈ।

# ਮੈਂ ਮਨੁੱਖ ਹਾਂ

ਕਰਮ ਸਿੰਘ
(VANCOUVER, B.C.)

ਮੈਂ ਮਨੁੱਖ ਹਾਂ
ਕੁਦਰਤ ਦੀ ਸਭ ਤੋਂ ਅਨੋਖੀ
ਖ਼ੂਬਸੂਰਤ ਸਿਰਜਣਾ।

ਬੇਅੰਤ ਵਡਮੁੱਲੀਆਂ
ਕੁਦਰਤ ਨੇ ਪੈਦਾ ਕੀਤੀਆਂ
ਸਭ ਦਾਤਾਂ ਮੇਰੇ ਹੀ ਵਾਸਤੇ।

ਮੈਂ ਇਨਸਾਨ ਬਣਿਆ ਹਾਂ
ਜੁਗਾਂ ਦੀ
ਸਖ਼ਤ ਮਿਹਨਤ ਦੇ ਨਾਲ
ਪੱਥਰਾਂ ਨਾਲ ਖੇਡ ਕੇ
ਲੋਹੇ ਨਾਲ ਘੋਲ ਘੁਲ ਕੇ
ਪੁਸ਼ਤਾਂ ਦੀ ਸਿਆਣਪ ਝੋਲੀ ਪਾ
ਆਕਾਸ਼ਾਂ 'ਚ ਲਾਉਂਦਾ ਤਾਰੀਆਂ
ਮੈਂ ਅੱਜ ਦਾ ਮਨੁੱਖ।

ਮੈਥੋਂ ਵਧੇਰੇ ਚੰਗੀ
ਆਪਣੀ ਕੋਈ ਹੋਰ ਘਾੜਤ
ਕੁਦਰਤ ਘੜ ਨਾ ਸਕੀ
ਮੇਰੇ ਤੋਂ ਬਾਅਦ।

ਸੰਗਦੀ ਰਹੀ,
ਸ਼ਰਮਾਂਦੀ ਰਹੀ,
ਬਣਾ ਫਿਰ,
ਜਦੋਂ ਕਦੀ ਵੀ ਸੋਚਿਆ
ਉਸ ਹੋਰ ਘਾੜਤ ਦੇ ਲਈ;
ਅੱਜ ਤਾਂ ਬਣਦੀ ਜਾ ਰਹੀ ਹੈ
ਆਪਣੀ ਹੀ ਕਿਰਤ ਦੀ ਗ਼ੁਲਾਮ।

ਮੈਂ ਦੇਵਤਾ ਹਾਂ,

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5.
PHONE: 438-1304 324-2557

ਜੇ ਆਪਣੇ ਸੋਮੇ ਨੂੰ ਜਾਣ ਲਾਂ,
ਉਹਦੇ ਅਸੂਲਾਂ ਨੂੰ ਭਾਂਪ ਲਾਂ,
ਇਹਦੀ ਸਚਾਈ ਕਹਿਣ ਦੀ
ਪੈਦਾ ਹੋ ਜਾਏ ਮੇਰੇ ਅੰਦਰ ਜੁਰਅਤ,
ਕਰ ਸਕਾਂ ਇਹਨਾਂ ਦੀ ਪਾਲਣਾ।

ਲੋਕੀ ਨੇ ਮੈਨੂੰ ਪੂਜਦੇ
ਜਿਉਂਦਾ ਰਹਿ ਸਕਾਂ, ਇਹਨਾਂ ਦੇ ਲਈ,
ਮਰ ਜਾਵਾਂ ਜੇ ਇਹਨਾਂ ਦੇ ਵਾਸਤੇ

ਮੈਂ ਸ਼ੈਤਾਨ ਹਾਂ
ਜਦੋਂ ਮੈਂ ਭੁਲ ਜਾਂਦਾ ਹਾਂ
ਕਿ ਮੈਂ ਬਹੁਤ ਛੋਟੀ ਚੀਜ਼ ਹਾਂ;
ਕੁਦਰਤ ਦਾ ਅਣਮਿਥਿਆ ਜਿਹਾ ਅੰਗ
ਉਹਦੀ ਸਚਾਈ ਸਮਝਣ ਤੋਂ
ਕਰ ਦੇਂਦਾ ਹਾਂ ਇਨਕਾਰ।

ਉਪਜਦੀ ਹੈ ਵਡੱਤਣ
ਤੇ ਕਬਜ਼ੇ ਦੀ ਲਾਲਸਾ।
ਰੱਜਕੇ ਝੂਠ ਬੋਲਦਾ ਹਾਂ
ਚੋਰੀ ਹਾਂ ਕਰਦਾ ਮਿਹਨਤਾਂ,
ਦੌਲਤਾਂ ਦੇ ਲਾਉਂਦਾ ਹਾਂ ਅੰਬਾਰ
ਲੋਕਾਂ ਦੀਆਂ ਇੱਜ਼ਤਾਂ ਨੂੰ
ਸਮਝਦਾ ਹਾਂ ਨਿੱਜ ਦੀ ਜਾਇਦਾਦ।
ਸ਼ੈਤਾਨੀਅਤ ਦਾ ਵੀ ਕੋਈ ਅੰਤ ਨਹੀਂ
ਝੂਠ ਬੋਲਦਾ ਹਾਂ ਝੂਠ ਦੀ ਹੱਦ ਤੋੜਦੀ;
ਲਾਉਂਦਾ ਹਾਂ ਦੂਜਿਆਂ ਤੇ
ਝੂਠੇ ਦੋਸ਼ ਦਾ ਇਲਜ਼ਾਮ।

ਦਿਨ ਰਾਤ ਕਰਦਾਂ ਚੋਰੀਆਂ
ਕਹਿੰਦਾ ਹਾਂ ਦੂਜਿਆਂ ਨੂੰ ਚੋਰ,
ਧਰੋਹ ਵਤਨ ਨਾਲ ਆਪ ਕਰਦਾ ਹਾਂ
ਕਹਿੰਦਾ ਹਾਂ ਦੂਜਿਆਂ ਨੂੰ ਗਦਾਰ।

ਕਦੀ ਕਦੀ ਤਾਂ ਲਾਲਚ 'ਚ ਆਕੇ
ਵਡੱਤਣ ਜਾਂ ਕਬਜ਼ੇ ਦੇ
ਆਪਣੇ ਹੀ ਸਾਥੀਆਂ
ਤੇ ਪਿਆਰਿਆਂ ਨੂੰ
ਕਤਲ ਕਰਦਾ ਹਾਂ।



ਰਹਿੰਦਾ ਹਾਂ ਧਰਤੀ ਦੇ ਇਸ ਪਾਰ,
ਜਾਂ ਵਸਦਾ ਹਾਂ ਉਸ ਪਾਰ,
ਮੇਰੀ ਗਿੱਠ ਲੰਬੀ ਦਾੜ੍ਹੀ ਹੈ
ਜਾਂ ਰਗੜਕੇ ਮੁੰਨਿਆ ਸਿਰ;
ਚਮੜੀ ਦਾ ਰੰਗ ਗੋਰਾ ਹੈ,
ਕਾਲਾ ਹੈ ਜਾਂ ਪੀਲਾ ਹੈ,
ਹਿੰਦੂ ਹਾਂ, ਸਿਖ ਹਾਂ ਜਾਂ ਬੋਧੀ
ਮੁਸਲਮਾਨ ਹਾਂ, ਈਸਾਈ ਜਾਂ ਜਹੂਦੀ
ਫਰਕ ਕੋਈ ਪੈਂਦਾ ਨਹੀਂ
ਹਾਂ ਤਾਂ ਮੈਂ ਉਹੀ ਮਨੁੱਖ,
ਜੋ ਕੁਝ ਵੀ ਹਾਂ
ਆਪਣੇ ਅਮਲਾਂ ਤੋਂ ਹਾਂ।

---

## ਪ੍ਰਸ਼ਨ

ਅਮਰਜੀਤ ਮਾਨ
(BRAMPTON, ONTARIO)

ਅਹਿਸਾਸ ਮੈਨੂੰ ਵੀ ਹੈ
ਅਹਿਸਾਸ ਤੁਸਾਂ ਨੂੰ ਵੀ ਹੈ
ਪਰ ਜ਼ਾਹਿਰ ਕਰਨਾ
ਸਾਡੇ ਲਈ
ਇਕ ਕਲੰਕ ਨਜ਼ਰ ਆਉਂਦਾ ਹੈ।

ਮੈਨੂੰ ਯਾਦ ਹੈ:
(ਸ਼ਾਇਦ ਤੁਹਾਨੂੰ ਵੀ ਯਾਦ ਹੋਵੇਗਾ)
ਸਾਡੀਆਂ ਮਾਵਾਂ
ਸਾਡੀ ਹਾਜ਼ਰੀ ਵਿੱਚ
ਕਹਿਣ ਤੋਂ ਸੰਕੋਚ ਕਰਦੀਆਂ ਸਨ
ਅੱਜ ਰਾਤ ਨੂੰ ਰੋਟੀ ਕਿਵੇਂ ਪੱਕੇਗੀ।
ਕਿਉਂਕਿ ਘਰ ਵਿੱਚ ਆਟੇ ਦੀ ਇੱਕ ਮੁੱਠ ਨਹੀਂ
ਸਿਰਫ ਮਸਾਲੇ ਵਾਲੇ ਕੁੱਜੇ
ਕਈ ਦਿਨਾਂ ਤੋਂ ਸੱਖਣੇ ਹਨ।

ਦਿਨ ਢਲਦੇ ਹੀ ਮੇਰੀ ਮਾਂ
ਦੋ ਸੇਰ ਆਟਾ
ਉਧਾਰ ਲੈ ਆਉਂਦੀ ਸੀ।
ਰੁੱਖੀ ਮਿੱਸੀ ਰੋਟੀ ਦੀ ਬੁਰਕੀ
ਮੂੰਹ ਵਿੱਚ ਪਾਉਣ ਲੱਗਾ
ਮੈਂ ਪੁਛਦਾ ਸਾਂ:
'ਮਾਂ ਅੱਜ ਤਾਂ ਘਰ ਆਟਾ ਨਹੀਂ ਸੀ।'
ਨੀਵੀਂ ਪਾਈ ਮਾਂ
ਚੁਲ੍ਹੇ ਦੇ ਅੰਦਰ ਨੂੰ ਤਕੀ ਜਾਂਦੀ ਸੀ,
ਸ਼ਾਇਦ ਸੋਚਦੀ ਹੋਵੇ
ਗਰੀਬੀ ਦਾ ਅਹਿਸਾਸ
ਮੇਰੇ ਬੱਚੇ ਨੂੰ ਨਾ ਹੋ ਜਾਵੇ
ਤੇ ਝੱਟ ਦੂਸਰੇ ਡੰਗ ਦੀ ਰੋਟੀ
ਇਕ ਪ੍ਰਸ਼ਨ-ਚਿੰਨ੍ਹ ਬਣਕੇ
ਉਸਦੇ ਦਿਮਾਗ਼ ਤੇ ਛਾ ਜਾਂਦੀ ਸੀ।

ਅੱਜ ਜਦੋਂ ਅਸੀਂ
'ਸੱਕਾਚ ਵਿਸਕੀ' ਨੂੰ
ਗਲਾਸਾਂ ਵਿੱਚ ਪਾਕੇ
ਇਕ ਦੂਜੇ ਨਾਲ ਖੜਕਾ ਕੇ
ਗਟਾ ਗਟ ਪੀ ਜਾਂਦੇ ਹਾਂ;
ਰੋਟੀ ਸਾਨੂੰ ਚੰਗੀ ਨਹੀਂ ਲਗਦੀ
ਕਿਉਂਕਿ 'ਕੈਨਟੱਕੀ' ਦੀ ਬਾਸਟੀ
ਛੇ ਡਾਲਰ ਦੀ ਆ ਜਾਂਦੀ ਹੈ।

ਕੀ ਸਾਨੂੰ ਉਸ ਵੇਲੇ ਮਾਂ ਦਾ
ਖੁਸਦਾ ਹੋਇਆ ਕਾਲਜਾ
ਯਾਦ ਨਹੀਂ ਆਉਂਦਾ?
'ਯਾਦ ਆਉਂਦਾ ਜ਼ਰੂਰ ਹੈ'
ਪਰ ਯਾਦ ਕਰਨਾ ਨਹੀਂ ਚਾਹੁੰਦੇ,
ਕਿਉਂਕਿ ਹੁਣ ਅਸੀਂ ਹਫ਼ਤੇ ਦਾ
'ਡੇਢ ਸੌ ਡਾਲਰ' ਕਮਾਉਂਦੇ ਹਾਂ!



IMPORTERS EXPORTERS WHOLESALERS RETAILERS
**ROKKO SAREES & FABRICS**
6201 FRASER ST., (At 46th Ave.) VANCOUVER-15, B.C., CANADA.
PHONE: 327-3033
OWNED AND OPERATED BY B.S. KHURANA AND SONS AND GRANDSONS

# SUPREME TRAVEL SERVICE

3397 E. Kingsway,
Vancouver, B.C.
Phone: 438-4371

Mailing address:
P.O. Box 77171
Station S
Vancouver, B.C.

**FOR:**

- **CHARTERS**
- **GROUPS**
- **TOURS TO ANY WHERE IN THE WORLD**

**FREE: Services are provided for passport, visa & immigration paper etc.**

**ALSO OFFICES IN:**

JULLUNDUR
LUDHIANA
HONG KONG
LONDON

**MANAGER:**
DARSHAN MAAN

— TRAVEL WITH PROFESSIONALS —

**ਸੁਪਰੀਮ ਟਰੈਵਲ ਸਰਵਿਸ** ਮੈਨੇਜਰ ਦਰਸ਼ਨ ਸਿੰਘ ਮਾਨ

## ਮੋਮ, ਧੂੰਆਂ ਤੇ ਰੌਸ਼ਨੀ

ਲਾਟ
(KAMLOOPS, B.C.)

ਗਮ ਨਾਲੋਂ ਵੀ ਸੰਘਣੀ ਹੁੰਦੀ ਹੈ ਇਹ ਮੋਮ
ਜਦੋਂ ਖ਼ਾਮੋਸ਼ ਹੁੰਦੀ ਹੈ।
ਤੇ ਪੀੜ ਨਾਲੋਂ ਵੀ ਪਤਲੀ ਹੋ ਜਾਂਦੀ ਹੈ
ਜਦੋਂ ਇਹਦੇ ਤੇ ਲਾਟ ਬਲਦੀ ਹੈ।
ਮੋਮ ਦੀ ਪੀੜ 'ਚੋਂ ਜਨਮੀ ਹੋਈ ਲਾਟ
ਲਟ ਲਟ ਬਲਦੀ ਹੈ
ਚਾਨਣ ਵੰਡਦੀ ਹੈ
ਤੇ ਹਨੇਰੇ ਨੂੰ ਚੀਰਦੀ ਹੈ।
ਆਪਣਾ ਦੁੱਖ
ਸਭਤੋਂ ਛੁਪਾਕੇ ਰਖਦੀ ਹੈ
ਤੇ ਕਦੇ ਕਿਸੇ ਨੂੰ
ਜ਼ਾਹਿਰ ਨਹੀਂ ਹੋਣ ਦਿੰਦੀ
ਕਿ ਇਹ 'ਕਿੰਨ੍ਹ ਜਰਦੀ ਹੈ?'
ਰੋ ਰੋ ਕੇ ਜਦ ਮੋਮ ਦੀਆਂ ਅੱਖਾਂ 'ਚੋਂ
ਪਾਣੀ ਮੁੱਕ ਜਾਂਦਾ ਹੈ-
ਲਾਟ ਬੁਝ ਜਾਂਦੀ ਹੈ।
ਬੁਝੀ ਹੋਈ ਲਾਟ 'ਚੋਂ
ਧੂੰਆਂ ਉਠਦਾ ਹੈ
'ਲਾਟ' ਰੌਸ਼ਨੀ ਵੰਡਦੀ ਹੈ
ਪਰ ਧੂੰਆਂ ਰੌਸ਼ਨੀ ਨਹੀਂ ਵੰਡਦਾ।



## ਪ੍ਰਤਿਖਿਆ

ਰਮੇਸ਼ ਸੜਚੀ
(WINNIPEG, MANITOBA)

ਅੱਜ ਫੇਰ ਇਕ ਦਿਨ ਮੋਇਆ ਹੈ।
ਦਿਨਾਂ ਦੀ ਗਿਣਤੀ ਵਿੱਚ
ਇਕ ਹੋਰ ਦਿਨ ਦੀ ਲਾਸ਼ ਦਬ ਗਈ
ਆਸ ਦੀ ਲੰਬੀ ਲੜੀ
ਹੋਰ ਹੈ ਖਿੱਚੀ ਗਈ
ਪਰ ਤੇਰਾ ਪੱਤਰ ਨਹੀਂ ਆਇਆ।
ਰੋਜ਼ ਮੈਂ ਜਾਂਦਾ ਹਾਂ ਮੈਂ
ਸੋਚਕੇ -
ਕਿ ਕੱਲ ਨੂੰ ਸ਼ਾਇਦ
ਤੇਰਾ ਖ਼ਤ ਆ ਜਾਏਗਾ
ਰੋਜ਼ ਰਾਤ ਨੂੰ
ਉਮੀਦਾਂ ਦਾ ਕਫ਼ਨ ਪਾਕੇ
ਮਰ ਚੁੱਕੇ ਸੂਰਜ ਦੀ ਦੇਹ ਨੂੰ
ਪੱਛਮ ਦੇ ਸ਼ਮਸ਼ਾਨਘਾਟ ਵਿੱਚ
ਅੱਗ ਲਾ ਦਿੰਦ
ਤੇ ਫਿਰ
ਕੱਲ੍ਹ ਦੇ ਸੂਰਜ ਦੀ
ਪ੍ਰਤੀਖਿਆ ਕਰਦਾ
ਤਾਰੇ ਗਿਣਦਾ ਮੈਂ ਜਾਂਦਾ ਹਾਂ
ਪਰ ਤੇਰਾ ਪੱਤਰ ਨਹੀਂ ਆਉਂਦਾ।

---

ਪੰਜਾਬੀ ਸਾਹਿੱਤ ਵਿੱਚ ਅਗਾਂਹਵਧੂ
ਵਿਚਾਰਧਾਰਾ ਦੇ ਪ੍ਰਤੀਕ ਪਰਚੇ ਜੋ
ਜ਼ਿੰਦਗੀ ਨੂੰ ਜ਼ਾਲਮ-ਹੱਥਾਂ ਵਿਚੋਂ
ਮੁਕਤ ਕਰਨ ਲਈ ਪ੍ਰੇਰਿਤ ਕਰਦੇ ਹਨ:-

ਕਿਤੂ
ਅਗਾਂਹਵਧੂ ਪ੍ਰਕਾਸ਼ਨ, ਤਪਾ (ਸੰਗਰੂਰ)
(ਸੰਪਾਦਕ: ਸੀ. ਮਾਰਕੰਡਾ)

ਸਿਆੜ
ਪਿੰਡ ਤੇ ਡਾਕ: ਤਲਵੰਡੀ ਸਲੇਮ (ਜਲੰਧਰ)
(ਸੰਪਾਦਕ: ਪਾਸ਼)




ਕੈਨੇਡਾ ਵਿੱਚ ਛਪਣ ਵਾਲਾ ਪੰਜਾਬੀ ਦਾ ਇੱਕੋ-ਇਕ
ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ
ਜਿਹੜਾ
ਸਾਹਿੱਤ, ਕਲਾ ਤੇ ਜੀਵਨ ਦੇ ਆਪਸੀ-ਸੰਬੰਧਾਂ ਤੇ
ਭਰਪੂਰ ਰੌਸ਼ਨੀ ਪਾਉਂਦਾ ਹੈ।

ਪੰਜਾਬੀ ਸਾਹਿੱਤ ਵਿੱਚ ਅਗਾਂਹ-ਵਧੂ, ਨਿੱਗਰ ਅਤੇ
ਸਿਹਤਮੰਦ ਵਿਚਾਰਾਂ ਦਾ ਪਹਿਰੇਦਾਰ ਹੈ।

ਹਰ ਮਹੀਨੇ:
* ਕਹਾਣੀਆਂ * ਕਵਿਤਾਵਾਂ
ਅਤੇ ਸਥਾਈ-ਕਾਲਮ:
ਫੱਟੀਪੋਚ - ਵਿਸ਼ੇਸ਼ ਵਿਅੰਗ
ਸਾਜ਼ ਅਤੇ ਆਵਾਜ਼ - ਫ਼ਿਲਮਾਂ, ਸੰਗੀਤ, ਥੀਏਟਰ
ਸੰਜੀਵਨੀ ਬੂਟੀ - ਹਾਸ-ਰਸ
ਇਸ ਅੰਕ ਦਾ ਨਾਵਲ - ਨਾਵਲ-ਕਾਂਡ ਮੁਲਾਂਕਣ

ਮੁਫ਼ਤਖੋਰੀ ਦੀ ਲਾਹਨਤ ਤਿਆਗਕੇ
ਆਪ ਸਾਲਾਨਾ-ਮੈਂਬਰ ਬਣੋ
ਅਤੇ ਹੋਰਾਂ ਨੂੰ ਮੈਂਬਰ ਬਣਨ ਲਈ ਪ੍ਰੇਰੋ।
(ਸਾਲਾਨਾ ਚੰਦਾ: ਪੰਜ ਡਾਲਰ)

THE WATNO DŪR
Post Box No. 1041
Coquitlam, B.C., Canada

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304, 324-2557

## ਗੀਤ

ਗੁਰਮੇਲ ਸਿੰਘ ਗਾਗੀ
(BURNABY, B.C.)

ਉੱਥੇ ਹੈ ਜਾ ਚਰਖੜਾ ਮੇਰਾ
ਵੇ ਜਿੱਥੇ ਤੇਰਾ ਹੱਲ ਵਗਦਾ।
ਘਰ ਸੱਖਣਾ ਖਾਣ ਨੂੰ ਆਵੇ
ਵੇ ਕੱਲਿਆਂ ਨਾ ਜੀ ਲਗਦਾ।

ਖਸਮਾਂ ਨੂੰ ਖਾਵੇ ਤੇਰੀ ਹਲ ਤੇ ਪੰਜਾਲੀ ਵੇ!
ਲੱਖਾਂ ਜਿਹੀ ਜਿੰਦ ਅਸਾਂ ਤੇਰੇ ਪਿੱਛੇ ਗਾਲੀ ਵੇ!
ਸੂਲਾਂ ਤਿੱਖੀਆਂ ਸ਼ਰੀਕਾਂ ਦੀਆਂ ਗੱਲਾਂ
ਵੇ ਬਣ ਗਈਆਂ ਮੇਰਾ ਸੰਗ ਦਾ।

ਰੂਪ ਦਾ ਦੁਪਹਿਰਾ ਸਾਥੋਂ ਝੱਲਿਆ ਨਾ ਜਾਵੇ ਵੇ!
ਮਚਦੀ ਜਵਾਨੀ ਡਾਢਾ ਸੋਰ ਤੜਫਾਵੇ ਵੇ!
ਜਾਵੀਂ ਦੱਸਕੇ ਇਲਾਜ ਕੀਕ ਕੋਈ
ਜਵਾਨੀ ਵਾਲੀ ਏਸ ਅੱਗ ਦਾ।

ਖੇਤਾਂ 'ਚ ਗੁਜ਼ਾਰ ਦੇਵੇਂ ਹਾੜ੍ਹ ਤੇ ਸਿਆਲ ਵੇ!
ਕਦੇ ਵੀ ਨਾ ਆਵੇ ਤੈਨੂੰ ਝੱਲੀ ਦਾ ਖਿਆਲ ਵੇ!
ਰੂਪ ਧੁਖਦਾ ਪਈ ਦੀ ਅੱਗ ਵਾਂਗੂੰ
ਅੰਗਾਰਾਂ ਵਾਂਗੂੰ ਦਿਲ ਮਘਦਾ।

ਉੱਥੇ ਹੈ ਜਾ ਚਰਖੜਾ ਮੇਰਾ
ਵੇ ਜਿੱਥੇ ਤੇਰਾ ਹਲ ਵਗਦਾ।

## ਉਦਾਸ ਮੁਸਕਣੀ

ਬਿੱਲ ਮੋਰਾਂਵਾਲੀ
(NORTH VANCOUVER, B.C.)

ਅੱਜ ਜਦ ਅਚਾਨਕ ਤੇਰੀ ਯਾਦ ਆਈ ਹੈ।
ਸ਼ਰਮਾਈ ਹੈ ਮੈਥੋਂ ਨਾ ਘਬਰਾਈ ਹੈ।

ਏਦਾਂ ਕਦੇ ਪਹਿਲਾਂ ਏਡੀ ਜਿਤਰ ਨਹੀਂ ਸੀ
ਝੂਮੀ ਹੈ ਮੈਂ ਇਹ ਸੀਨੇ ਲਗਾਈ ਹੈ।

ਸੋਚਦਾ ਹਾਂ ਤੇਰੀ ਤਰ੍ਹਾਂ ਇਹ ਵੀ ਦੂਰ ਜਾਏਗੀ।
ਮਿਟ ਗਏ ਜ਼ਖਮਾਂ 'ਚ ਫੇਰ ਪੀੜ ਪਾਏਗੀ।

ਉਂਞ ਤਾਂ ਮੈਨੂੰ ਖ਼ੁਸ਼ੀ ਹੈ ਸਭ ਤੇਰੀ ਖ਼ਾਤਰ ਹੋਏਗਾ
ਦੁੱਖਾਂ ਦਾ ਭਾਰ ਕਦ ਤੱਕ ਜ਼ਿੰਦਗੀ ਉਠਾਏਗੀ।

ਮੈਨੂੰ ਤੇਰੀ ਯਾਦ ਨਾਲ ਤੇਰੇ ਜਿੰਨਾ ਪਿਆਰ ਹੈ।
ਤੇਰੇ ਵਾਂਗ ਅਪਣੱਤ ਹੈ ਤੇਰੇ ਵਾਂਗ ਇਤਬਾਰ ਹੈ।

ਸੋਚਦਾ ਹਾਂ ਕਿੰਨਾ ਕੁ ਚਿਰ ਸਾਥ ਏਦਾਂ ਨਿਭੇਗਾ
ਯਾਦਾਂ ਦੇ ਸਹਾਰੇ ਬਹਿਆ ਜਿਸਦਾ ਸੰਸਾਰ ਹੈ।

ਮੇਰੀ ਯਾਦ ਤੈਨੂੰ ਜਦ ਵੀ ਕਦੇ ਆਏਗੀ।
ਉਦਾਸ ਮੁਸਕਣੀ ਲੈਕੇ ਤੇਰੀ ਰੂਹ ਨੂੰ ਪਾਏਗੀ।

ਤੂੰ ਝੂਮੇਂਗੀ-ਘਬਰਾਏਂਗੀ, ਮੁਸਕਾਏਂਗੀ ਜਾਂ ਤੜਫਾਏਂਗੀ
ਇਹ ਫਿਰ ਵੀ ਝੋਲੀ ਅੱਡਕੇ ਤਰਲਾ ਤੇਰਾ ਪਾਏਗੀ।

ਤਰਸ ਤੈਨੂੰ ਆਏਗਾ ਜਾਂ ਘਿਰਣਾ ਏਹਨੂੰ ਕਰੇਂਗੀ।
ਇਹ ਕੋਲ ਤੇਰੇ ਆਏਗੀ ਤੂੰ ਦੂਰ ਏਹਨੂੰ ਧਰੇਂਗੀ।

ਸਿਦਕ ਹੈ ਤੇ ਸਬਰ ਹੈ–ਪਿਆਰ ਦੀ ਏਹ ਖੰਡ ਹੈ
ਯਾਦ ਇਕ ਵਿਸ਼ਵਾਸ਼ ਹੈ, ਵਿਸ਼ਵਾਸ਼ ਜੇ ਤੂੰ ਕਰੇਂਗੀ।

ਇਹ ਯਾਦ ਮੇਰੀ ਯਾਦ ਹੈ ਮੈਂ ਪਿਆਰ ਤੈਨੂੰ ਕਰਾਂਗਾ।
ਤੇਰੇ ਲਈ ਹੀ ਜੀਆਂਗਾ ਤੇਰੇ ਲਈ ਹੀ ਮਰਾਂਗਾ।

ਫਿਰ ਯਾਦ ਤੈਨੂੰ ਆਏਗੀ ਰੁੱਤ ਆਪਣੇ ਮੇਲ ਦੀ
ਤੂੰ ਯਾਦ ਮੈਨੂੰ ਕਰੇਂਗੀ ਮੈਂ ਯਾਦ ਤੈਨੂੰ ਕਰਾਂਗਾ।

ਦੋਵਾਂ ਦਿਲਾਂ 'ਚੋਂ ਮਿਲਣ ਲਈ ਆਵਾਜ਼ ਸਾਨੂੰ ਮਿਲੇਗੀ
ਯਾਦਾਂ ਦੇ ਸਦਕੇ ਮੇਲ ਦੀ ਕਲੀ ਮੁੜਕੇ ਖਿੜੇਗੀ।

ਤੂੰ ਯਾਦ ਮੇਰੀ ਚੁੰਮੇਂਗੀ, ਮੈਂ ਯਾਦ ਤੇਰੀ ਚੁੰਮਾਂਗਾ।
ਤੂੰ ਪਿਆਰ ਮੇਰਾ ਪਾਏਂਗੀ, ਮੈਨੂੰ ਮੁਹੱਬਤ ਮਿਲੇਗੀ

ਫਿਰ ਲੋਕੀ ਬਾਤਾਂ ਪਾਉਣਗੇ ਕੋਈ ਕਹਾਣੀ ਲਿਖੇਗਾ
ਗੱਲ ਇਸ਼ਕੇ ਦੀ ਛਿੜੀ, ਜ਼ਿਕਰ ਸਾਡਾ ਕਰੇਗੀ

ਫਿਰ ਜ਼ਖ਼ਮ ਮੇਰੇ ਹਸਣਗੇ, ਫਿਰ ਪੀੜ ਮੇਰੀ ਮਰੇਗੀ

ਫਿਰ ਚੈਨ ਦਿਲ ਨੂੰ ਆਏਗੀ ਫਿਰ ਰੂਹ ਤੇਰੀ ਸਰੇਗੀ।

## ਵਰ ਦੀ ਲੋੜ

ਇੱਕ ਪੜ੍ਹੇ ਲਿਖੇ, ਸੁੰਦਰ ਪੰਜਾਬੀ ਨੌਜੁਆਨ ਲਈ ਸੁਨੱਖੀ, ਮਿਲਣਸਾਰ, ਸੁਸ਼ੀਲ ਤੇ ਪੜ੍ਹੀ ਲਿਖੀ ਜੀਵਨ ਸਾਥਣ ਦੀ ਲੋੜ ਹੈ। ਲੜਕਾ MECH. ENGG. ਦਾ ਡਿਪਲੋਮਾ ਕਰਕੇ ਬੀ.ਸੀ. ਵਿੱਚ ਚੰਗੀ ਨੌਕਰੀ ਤੇ ਹੈ। ਵਧੇਰੇ ਜਾਣਕਾਰੀ ਲਈ ਲਿਖੋ:- c/o W.D. Ad. (7-74)
BOX 1000-145, TIDE LAKE, STEWART, B.C.

## ਵਤਨੋਂ ਦੂਰ

ਜੁਲਾਈ 1973 ਤੋਂ ਕੈਨੇਡਾ ਵਿੱਚ ਪੰਜਾਬੀ ਸਾਹਿੱਤ ਦੀ ਸੇਵਾ ਕਰ ਰਿਹਾ ਹੈ। ਨਵੇਂ-ਪੁਰਾਣੇ ਲੇਖਕਾਂ ਨੂੰ ਇੱਕ ਲੜੀ ਵਿੱਚ ਪ੍ਰੋਣ ਲਈ ਯਤਨਸ਼ੀਲ ਹੈ। ਇਸ ਨਾਲ ਸਾਹਿੱਤਕ-ਸੰਪਰਕ ਪੈਦਾ ਕਰਨਾ, ਆਪਣੇ ਦੋਸਤਾਂ-ਮਿਤਰਾਂ ਵਿੱਚ ਇਸਦੀ ਜਾਣ-ਪਹਿਚਾਣ ਕਰਵਾਉਣਾ, ਰਚਨਾਵਾਂ ਅਤੇ ਸੁਝਾਅ ਭੇਜਣਾ, ਆਪ ਸਾਲਾਨਾ-ਮੈਂਬਰ ਬਣਨਾ ਤੇ ਹੋਰਨਾਂ ਨੂੰ ਪ੍ਰੇਰਨਾ ਹਰ ਸਾਹਿੱਤ-ਪ੍ਰੇਮੀ ਦਾ ਫਰਜ਼ ਹੈ। ਅਸੀਂ ਸਾਰੇ ਪਾਠਕਾਂ ਨੂੰ ਗੂੜ੍ਹੇ-ਸਹਿਯੋਗ ਲਈ ਬੇਨਤੀ ਕਰਦੇ ਹਾਂ।

IMPORTERS EXPORTERS WHOLESALERS RETAILERS
**ROKKO SAREES & FABRICS**
S-39, GREEN PARK, NEW DELHI-16, INDIA. PHONE: 77790
OWNED AND OPERATED BY B.S. KHURANA AND SONS AND GRANDSONS

# ਬੰਬੇ ਕਰੀ ਰੈਸਟੋਰੈਂਟ

3934 ਮੇਨ ਸਟਰੀਟ (23 ਅਵਿਨੀਊ)
ਵੈਨਕਵਰ (ਬੀ. ਸੀ.,
ਫ਼ੋਨ:-874-5722,

ਜਿਥੇ ਤੁਸੀਂ ਚਿਕਨ ਕਰੀ, ਲੈਂਬ ਕਰੀ, ਬੀਫ ਕਰੀ ਬਕਰੇ ਦਾ ਸਪੈਸ਼ਲ ਮੀਟ, ਤੇ ਹੋਰ ਭਾਰਤੀ ਮਠਿਆਈ, ਜਲੇਬੀਆਂ, ਗੋਲਗੱਪੇ ਤੇ ਬਰਫੀ ਦਾ ਸੁਆਦ ਮਾਣ ਸਕਦੇ ਹੋ।

ਅਸੀਂ ਵਿਆਹ ਸ਼ਾਦੀਆਂ ਸਮੇਂ ਪਾਰਟੀਆਂ ਦਾ ਪਰਬੰਧ ਵੀ ਕਰਦੇ ਹਾਂ।



ਕੇਵਲ ਸਿੰਘ ਪਾਬਲਾ

ਜਿਨ੍ਹਾਂ ਦਾ ਕੁਕਿੰਗ ਦਾ 20 ਸਾਲ ਦਾ ਤਜਰਬਾ ਹੈ।

# MORTGAGE MONEY

CORPORATE AND PRIVATE FUNDS

**UP TO 95 o/o**

**1st - 2nd**

PURCHASES, HOMEOWNERS, APARTMENT, COMMERCIAL

GIVE US A CALL NOW — GARY CREWS
524-9511 OR 939-7446

Canada Permanent Trust

**Canada Permanet Trust**
7350 Edmonds Street, Burnaby, B.C.

QUALITY CLEAN EAST INDIAN FOODS
PICKLES, SPICES, PAPADS, DALS and ALL KIND OF
FRESH FLOURS.

- We give discount on purchases for Marriage Ceremony and Parties.

# AMBIKA ENTERPRISES LTD.

7287 Knight St., Vancouver 15, B.C. at 57th

- PHONE: 327 - 4919

LISTEN TO

**KISM** (FM 93 BELLINGHAM)

Newly featured program of Hindi and Panjabi music

# SAAZ - AWAZ

EVERY SUNDAY

From 11.00 A.M.—12 noon

*For further information contact:*

5135 Marine Drive, Burnaby, B.C.

Phone 437-8865    298-2961

## ਇੱਕ ਬਾਤ

ਨਰਿੰਦਰ ਭਾਰਗੀ
(VANCOUVER, B.C.)

ਹਰ ਇਕ ਗੁਜ਼ਰੇ ਹੋਏ ਕੱਲ ਵਾਂਗੂ
ਅੱਜ ਮੈਂ ਕਮਰੇ ਵਿੱਚ ਫਿਰ ਕੱਲਾ!
ਜਾਂ ਕੁਝ ਜਾਣਾਂ ਬੇਮਤਲਬੀਆਂ,
ਨਾਂ ਕਰ ਰਹੀਆਂ ਛੱਡਣੋਂ ਪੱਲਾ!

ਮੇਰੇ ਹਰ ਗ਼ਮ ਦਾ ਵਾਕਿਫ਼ ਹੈ
ਦੀਵਾ, ਕੋਨੇ ਜੋ ਸਾਹ ਲੈਂਦਾ
ਜਦ ਜਦ ਗ਼ਮ ਨੂੰ ਭੁਲਣਾ ਚਾਹਾਂ
ਮੇਰੀ ਇਸ ਜ਼ਿਦ ਤੇ ਹੱਸ ਪੈਂਦਾ
ਕਾਗ਼ਜ਼ ਤੇ ਲਿਖਿਆ ਨਾਂ ਕੋਈ
ਮੇਰੀਆਂ ਅੱਖਾਂ ਨੂੰ ਦਿਸ ਪੈਂਦਾ
ਪਹਿਰਾਂ ਤੱਕ ਕੁਝ ਦਿਲ ਨੂੰ ਕਹਿਕੇ
ਕੁਝ ਹੱਸ ਲੈਂਦਾ, ਕੁਝ ਰੋ ਲੈਂਦਾ
ਖ਼ਬਰੇ ਦੀਵੇ ਦਾ ਸਾਹ ਮੁੱਕਾ
ਜਾਂ ਤੁਰ ਚੁਕੇ ਜੋ ਮੈਨੂੰ ਕਹਿੰਦਾ
ਨਹੀਂ ਦਮ ਏਨਾ ਚਲਦਾ ਜਾਂਦਾ
ਹੁਣ ਤੂੰ ਬੈਠਾ ਰਹਿ ਮੈਂ ਚੱਲਾ
ਅੱਜ ਮੈਂ ਕਮਰੇ ਵਿੱਚ ਫਿਰ ਕੱਲਾ!

ਕੋਈ ਦਵਾ ਦੀ ਪਰਵਾਹ ਕਰਦੈ
ਐਵੇਂ ਮੈਂ ਗ਼ਮੀ ਭਰ ਬੈਠਾ
ਇਸ ਹਾਲੇ ਮਰ ਜਾਂਦਾ, ਐਵੇਂ
ਜੀਣੇ ਦਾ ਵਾਅਦਾ ਕਰ ਬੈਠਾ
ਗ਼ਮ ਦਾ ਦਰਿਆ ਡੂੰਘਾ ਡੂੰਘੇ ਤੋਂ
ਤੈਨੂੰ ਵੇਖਣ ਨੂੰ ਤਰ ਬੈਠਾ
ਲਹਿਰਾਂ ਕੰਢੇ ਜਾਣੋ ਰੋਕਣ
ਮੈਂ ਕੰਢੇ ਤੇ ਅੱਖ ਧਰ ਬੈਠਾ
ਤੇਰੀ ਖ਼ਾਤਰ ਦਿਲ ਆਪਣੇ ਤੇ
ਪਤਾ ਨਹੀਂ, ਕੀ ਕੀ ਜਰ ਬੈਠਾ
ਰੋਗ ਦਿਲ ਨੂੰ ਲੱਗੀ ਜਾਂਦਾ
ਜਦ ਤੋਂ ਲੱਗਾ ਰੋਗ ਅਵੱਲਾ
ਅੱਜ ਮੈਂ ਕਮਰੇ ਵਿੱਚ ਫਿਰ ਕੱਲਾ!

ਮੈਂ ਕਦ ਤੱਕ ਸਭ ਕਰਦਾ ਜਾਂਦਾ
ਤੂੰ ਵੀ ਅੱਗੇ ਵਧ ਦੋ ਕਦਮਾਂ
ਤੇਰੀ ਵੀ ਤੇ ਇਹ ਦੁਨੀਆਂ ਏ
ਫਿਰ ਮੇਰੇ ਲਈ ਕਿਉਂ ਸਭ ਰਸਮਾਂ
ਮੈਂ ਕੱਲਿਆਂ ਨਹੀਂ ਸੌਂਹ ਖਾਧੀ ਸੀ
ਤੂੰ ਵੀ ਤੇ ਚੁਕੀਆਂ ਸੀ ਕਸਮਾਂ
ਪਿਆਰ ਵਫ਼ਾ ਤੋਂ ਖ਼ਾਲੀ ਮੁੜਿਆ
ਫਿਰ ਆਪਣਾ ਕੀ ਜੀਣਾ ਮਰਨਾ
ਇਹੀ ਗੱਲਾਂ ਹਰ ਰੋਜ਼ ਵਿਚ
ਦਿਲ ਤੋਂ ਪੁਛਾਂ ਦਿਲ ਨੂੰ ਦੱਸਾਂ
ਦਿਲ, ਦਿਲ ਤੇ ਹੱਥ ਰੱਖ ਕਹਿ ਦੇਂਦਾ
ਛੱਡ ਦੇ ਐਵੇਂ ਬਹੁ ਨਾ ਝੱਲਾ
ਅੱਜ ਮੈਂ ਕਮਰੇ ਵਿੱਚ ਫਿਰ ਕੱਲਾ!



## ਵਤਨੋਂ ਦੂਰ

ਕੇਵਲ
(KELOWNA, B.C.)

ਬਾਗੀਂ ਮੁੜ ਨਾ ਕੋਇਲ ਬੋਲੀ,
ਰੁਤ ਅੰਬੀਆਂ ਦਾ ਬੂਰ ਗਿਆ!
ਮੈਨੂੰ ਕੱਲਿਆਂ ਛੱਡ ਕੇ ਢੋਲਾ,
ਚਲਿਆ ਵਤਨੋਂ ਦੂਰ ਗਿਆ!

ਜਦ ਹਰ ਕਿਣਕੇ, ਹਰ ਕਤਰੇ ਵਿੱਚ; ਰਿਸਦੀ ਮਹਿਕ ਪਿਆਰਾਂ ਦੀ।
ਜੋਬਨ-ਮੱਤੀਆਂ ਨਾਰਾਂ ਨੂੰ ਜਦ, ਲੋੜ ਪਵੇ ਦਿਲਦਾਰਾਂ ਦੀ।
ਤੇਰੇ ਵਿਛੋੜੇ ਦਾ ਖਾ ਸੀਨੇ, ਦਿਲ ਹੋ ਚਕਨਾ-ਚੂਰ ਗਿਆ।
ਮੈਨੂੰ ਕੱਲਿਆਂ ਛੱਡ ਕੇ ਢੋਲਾ... ... ... ... ...

ਸਾਉਣ ਮਹੀਨੇ ਅੰਦਰ ਕੁੜੀਆਂ ਰਲ ਮਿਲ ਪੀਘਾਂ ਪਾਉਣ ਜਦੋਂ।
ਸਜ-ਧਜ ਕੇ ਜੋੜੇ ਮੇਲੇ ਨੂੰ, ਮੱਸਿਆ ਤੇ ਪੁੰਨਿਆਂ ਆਉਣ ਜਦੋਂ।
ਦਿਲ ਮੇਰੇ ਲੱਖ ਚਾਅ ਆਏ ਪਰ ਬੇਵੱਸ ਹੋ ਮਜਬੂਰ ਗਿਆ।
ਮੈਨੂੰ ਕੱਲਿਆਂ ਛੱਡਕੇ ਢੋਲਾ... ... ... ... ...

ਮੁੜਿਆ ਸੱਜਣਾ, ਮੁੜਕੇ ਵੇ! ਫ਼ਰਿਆਦ ਪਿਆਰੇ ਸਾਥੀ ਦੀ।
ਕਿਉਂ ਰਾਂਝੇ ਨਾਲ ਤੋਲਣ ਲੱਗਿਆਂ, ਯਾਦ ਪਿਆਰੇ ਸਾਥੀ ਦੀ।
ਤੱਕ ਤੱਕ ਤੇਰੀਆਂ ਵਾਟਾਂ ਅੜਿਆ! ਬੁਝ ਅੱਖੀਆਂ ਦਾ ਨੂਰ ਗਿਆ।
ਮੈਨੂੰ ਕੱਲਿਆਂ ਛੱਡਕੇ ਢੋਲਾ... ... ... ... ... ...

ਕਾਗ਼ਜ਼ ਦਾ ਟੁਕੜਾ ਖ਼ਤ ਬਣਕੇ, ਕੱਲ ਹਾਲ-ਹਵਾਲ ਲਿਆ ਸਕਦਾ।
ਪਰ ਰੋਗ ਅਨੇਕਾਂ ਲੋੜਾਂ ਦਾ, ਕਾਗ਼ਜ਼ ਨਹੀਂ ਫ਼ਰਜ਼ ਪੁਗਾ ਸਕਦਾ।
ਤੇਰੇ ਆਉਣ ਤੇ ਸਮਝੂ 'ਕੇਵਲ', ਮੇਰਾ ਮੰਨ ਹਜ਼ੂਰ ਗਿਆ।
ਮੈਨੂੰ ਕੱਲਿਆਂ ਛੱਡਕੇ ਢੋਲਾ... ... ... ... ... ...

ਬਾਗੀਂ ਮੁੜ ਨਾ ਕੋਇਲ ਬੋਲੀ,
ਰੁਤ ਅੰਬੀਆਂ ਦਾ ਬੂਰ ਗਿਆ!
ਮੈਨੂੰ ਕੱਲਿਆਂ ਛੱਡ ਕੇ ਢੋਲਾ,
ਚਲਿਆ ਵਤਨੋਂ ਦੂਰ ਗਿਆ!

## ਰੁਬਾਈ

(ਦਿਲਜੀਤ ਕੂਰ)

ਬੇਵਫ਼ਾਈ ਤੇਰੀ ਜ਼ਿੰਦਗੀ ਦਾ ਪਹਿਲਾ ਕਦਮ ਸਹੀ।
ਤੇਰੇ ਹਿੱਸੇ ਸਾਰੀ ਖ਼ੁਸ਼ੀ, ਮੇਰੇ ਹਿੱਸੇ ਗ਼ਮ ਸਹੀ।
ਜ਼ਿੰਦਗੀ ਦੇ ਦੁੱਖਾਂ 'ਚ ਹਰ ਇੱਕ ਦਾ ਹਿਸਾ ਏ ਔਤ,
ਮੇਰਾ ਕੁਝ ਜ਼ਿਆਦਾ ਸਹੀ, ਤੇਰਾ ਕੁਝ ਕਮ ਸਹੀ।

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5.
PHONE: 438-1304 324-2557

## ਮਿਲਾਪ-ਤਾਂਘ

ਧਰਮ ਸਿੰਘ
(BURNABY, B.C.)

ਮਾਏ! ਨੀ ਮਾਏ !!
ਮੇਰਾ ਜੋਬਨ ਘਟਦਾ ਜਾਏ!!!

ਛਾਇਆ ਵਾਂਗੂੰ ਲੰਘਿਆ ਬਿਰਹਾ,
ਜੀਅੜਾ ਨਿੱਤ ਤੜਪਾਏ!
ਥੱਕੇ ਅੱਜ ਉਹਦੀ ਰਾਹ ਦੇ ਅੱਥਰੂ;
ਕੋਈ ਕੰਤ ਦੀ ਗੱਲ ਸੁਣਾਏ!
ਨੀ ਮਾਏ ... ...

ਤ੍ਰਿੰਞਣਾਂ ਵਿੱਚ ਮੇਰੇ ਓਪਰੇ ਹਾਸੇ;
ਮੇਰੀ ਅੰਦਰੋਂ ਰੂਹ ਕੁਰਲਾਏ!
ਅੱਜ ਨਾ ਵਿਸਰਦਾ ਪਲ੍ਹੈ ਰਿਪਕੇ;
ਸੱਸੀ, ਥਲ ਤੜਪਾਏ!
ਨੀ ਮਾਏ ... ...

ਜਾਹ-ਪੁੱਛ ਤੂੰ, ਦੱਸ ਮਾਏ;
ਇਹ ਅੱਗ ਕੌਣ ਬੁਝਾਏ?
ਅਸ਼ਕਾਂ ਦੀ ਰੁੱਤ ਹੋ ਹੋ ਤੁਰਗੇ;
(ਨੀ) ਤੈਨੂੰ ਭੋਰਾ ਤਰਸ ਨਾ ਆਏ!
ਨੀ ਮਾਏ ... ...

ਕੋਈ ਨਾ ਸਮਝੇ, ਮੈਂ ਕੀ ਆਖਾਂ;
ਮੇਰੇ ਸਾਹਣ ਜਾਣ ਤਿਹਾਏ
ਕੋਈ ਲਿਆਵੇ ਲੱਭ ਕੇ ਮਾਹੀ;
ਮੈਨੂੰ ਚੈਨ ਜਿਹੀ ਆ ਜਾਏ
ਨੀ ਮਾਏ ... ...

ਸੱਲ ਹਿਜਰ ਦੇ ਡਾਢੇ ਔਖੇ;
ਮੇਰਾ ਜੋਬਨ ਪਿਆ ਮੁਰਝਾਏ
ਕੀ ਕੁਝ ਪਾਵਾਂ ਪੱਲੇ ਉਹਦੇ;
ਵੱਲ ਸੱਜਣਾਂ ਜੋ ਦੂਰ ਸਿਧਾਏ
ਮਾਏ, ਨੀ ਮਾਏ !
ਮੇਰਾ ਜੋਬਨ ਘਟਦਾ ਜਾਏ!!

## ਮਾਏ ਨੀ ਮਾਏ

ਬਖ਼ਸ਼ੀਸ਼ ਸਿੰਘ ਢਿੱਲੋਂ
(SURREY, B.C.)

ਮਾਏ, ਨੀ ਮਾਏ!
ਮਾਏ, ਨੀ ਸੁਣ ਮੇਰੀਏ ਮਾਏ!!
ਮੈਂ ਜਾਣਾਂ ਮੇਰੇ ਦਿਲ ਦੀ ਧਰਤੀ
ਪ੍ਰੀਤਾਂ ਦਾ ਖੱਬਲ ਉਗੇ।
ਉਗੇ, ਨੀ ਮਾਏ ਉਗੇ
ਉਹ ਖੱਬਲ ਸੁਹਾਣਾ ਉਗੇ
ਹਰ ਇਕ ਮਾਏ ਰੀਝਣੀ ਜਿਸਦੀ
ਹੋਏ ਲੱਖ ਲੱਖ ਜੜ੍ਹਾਂ ਵਾਲੀ
ਤੇ ਮੈਨੂੰ ਮੇਰਾ ਸਾਰਾ ਜੀਵਨ
ਪਰੀਤ-ਪਰੁਤਾ ਲੱਗੇ!

ਕਰਮ ਮੇਰੇ, ਮੇਰੇ ਦਿਲ ਦੀ ਧਰਤੀ
ਪ੍ਰੀਤਾਂ ਦਾ ਖੱਬਲ ਉੱਗਾ
ਡਾਢੇ ਧਾਧਾ ਨੀ ਮਾਏ ਧਾਧਾ
ਇਹ ਮਿਹਣਿਆਂ ਦੇ ਲੱਖ ਦੰਦਾਂ ਧਾਧਾ
ਪਰ ਇਕ ਪਿਆਰ ਦੀ ਰਾਖਾ ਮਾਏ
ਨੀ ਇਹ ਲੱਖ ਗੁਣਾਂ ਹੋ ਉਗਾ!

ਪਰ ਆਈ, ਨੀ ਇਕ ਆਈ
ਆਈ ਨੀ ਮਾਏ ਆਈ
ਸਦਾ ਸੁਹਾਣੇ ਦਿਲ ਦੀ ਜੂਹੀਂ
ਇਕ ਬਿਰਹਾ ਦੀ ਘਸਿਆਰਨ ਆਈ!

ਡਿੱਠੀ ਨੀ ਮਾਏ ਡਿੱਠੀ
ਲੱਕ ਉਹਦੇ ਮੈਂ ਬੱਧੀ ਡਿੱਠੀ
ਝੋਲੀ ਲੱਖ ਵਿਛੋੜਿਆਂ ਦੀ।
ਫਿਰ ਡਿਠੇ ਨੀ ਮਾਏ ਡਿਠੇ
ਉਸ ਝੋਲੀ ਵਿੱਚ ਕੁਮਲਾਏ ਡਿੱਠੇ
ਉਹ ਦਿਲ ਦੀ ਜੂਹੀਂ ਨਿਕਲੇ ਜੋ ਸਨ
ਕਰੂੰਬਲ ਸਦ-ਪਰੀਤਾਂ ਦੇ!

ਉਹ ਰੋਵਣ ਮਾਏ ਰੋਵਣ ਨੀ
ਉਹ ਭੁੱਬੀਂ ਭੁੱਬੀਂ ਰੋਵਣ ਨੀ
ਜੋ ਦਿਲ ਦੀ ਜੂਹੀਂ ਗਲਦੇ ਜਾਵਣ
ਪੀੜਾਂ ਬਣ ਬਣ ਮੁਕਦੇ ਜਾਵਣ
ਲੱਖ ਜੜ੍ਹ ਸਦ-ਪਰੀਤਾਂ ਦੇ।

## ਕੈਨੇਡਾ ਵਸਦੇ ਪੰਜਾਬੀ ਨੌਜਵਾਨ ਦੇ ਨਾਂ

ਕਸ਼ਮੀਰਾ ਸਿੰਘ 'ਚਮਨ'
(KAMLOOPS, B.C.)

ਵੇਖ ਕੇ ਜਵਾਨੀ ਤੇ ਇਕੱਠੇ ਕਰੇਂ ਡਾਲਰਾਂ ਨੂੰ
ਕਦੀ ਦੱਸ ਸੋਚ ਤੈਂ ਵਿਚਾਰਿਆ?
ਇੱਕ ਇੱਕ ਪਲ ਤੇਰਾ ਹੀਰਿਆਂ ਦੇ ਮੁੱਲ ਦਾ ਏ
ਹੋਸ਼ ਨਾ ਤੂੰ ਕਰੇਂ ਐਂਵੇ ਗਵਾਇਆ!

ਮਾਤਾ-ਪਿਤਾ, ਭੈਣ-ਭਾਈ, ਯਾਰ ਤੇ ਸੰਬੰਧੀ ਸਾਰੇ,
ਜਿਨ੍ਹਾਂ ਤਾਈਂ ਤੇਰਾ ਸੀ ਪਿਆਰ ਵੇ।
ਛੱਡ ਆਇਆਂ ਸਾਰਿਆਂ ਨੂੰ ਹਿਜਰਾਂ ਦੇ ਮਾਰਿਆਂ ਨੂੰ,
ਵਿਹਲੇ ਬੈਠ ਕਦੀ ਤਾਂ ਵਿਚਾਰ ਵੇ।
ਪੀ ਕੇ ਸ਼ਰਾਬਾਂ ਨਿੱਤ ਧੰਦੀਆਂ 'ਚ ਪਾਏਂ ਵੱਟੇ;
ਸੱਜਣਾਂ ਦੇ ਤਾਈਂ ਤੈਂ ਵਿਸਾਰਿਆ, ਹੋਸ਼ ਨਾ ਤੂੰ ਕਰੇਂ ... ... ...

ਜਿਸ ਸੁਹਣੀ ਧਰਤੀ ਤੇ ਸੂਰਮਿਆ! ਜਨਮ ਲਿਆ,
ਉਸ ਧਰਤੀ ਨੂੰ ਜਾਈਂ ਭੁੱਲ ਨਾ।
ਪੰਜਾਂ ਦਰਿਆਵਾਂ ਦੀ ਜੋ ਧਰਤੀ ਸਦਾਏ ਰੰਗਲਾ
ਉਸ ਧਰਤੀ ਦੇ ਕੋਈ ਤੁੱਲ ਨਾ।
ਲੱਖਾਂ ਹੋਣ ਮਾਸੀਆਂ, ਨਾ ਮਾਂ ਦੇ ਸਮਾਨ ਕੋਈ;
ਤੇਰੇ ਜਿਹੇ ਦੇਸ਼ ਦੇ ਦੁਲਾਰਿਆ, ਹੋਸ਼ ਨਾ ਤੂੰ ਕਰੇਂ ... ... ...

ਮਿੱਲਾਂ ਵਿਚ ਘੱਟਿਆਂ ਨੇ ਲਹੂ ਤੇਰਾ ਚੂਸ ਲੈਣਾ
ਫੇਰ ਦੱਸ ਮੁੱਖ ਕੀ ਵਿਖਾਏਂਗਾ?
ਡਾਲਰਾਂ ਦੀ ਅੱਗ ਵਿੱਚ ਸੜ ਜਾਊ ਜਵਾਨੀ ਤੇਰੀ
ਫੇਰ ਚੰਨਾਂ ਬੈਠਾ ਪਛਤਾਏਂਗਾ।
'ਚਮਨ' ਬਹਾਰ ਲੁਟ ਜਾਏ ਨਾ ਜਵਾਨੀ ਤੇਰੀ
ਭਾਰਤੀ ਅਣਖ਼ ਦਿਆ ਤਾਰਿਆ, ਹੋਸ਼ ਨਾ ਤੂੰ ਕਰੇਂ ... ... ...

IMPORTERS EXPORTERS WHOLESALERS RETAILERS
**ROKKO SAREES & FABRICS**
OWNED AND OPERATED BY B.S. KHURANA AND SONS AND GRANDSONS
635-BLOOR STREET WEST. TORONTO. ONTARIO. CANADA
Phone 533-1106

CONGRATULATIONS AND BEST WISHES TO THE WATNO DUR ON COMPLETION OF ONE YEAR.

FROM

# BAINS INTERNATIONAL TRAVEL SERVICE LTD.

(MEMBER IATA)

6364 FRASER STREET
VANCOUVER 15, B.C.
TEL: 324-2277

1710 DOUGLAS STREET
VICTORIA, B.C.
TEL: 386-6363

***Departures From Seattle to Delhi or Bombay***

ENQUIRE FOR OTHER SPECIAL FARES: AFFINITY GROUP, EXCURSIONS, CHARTERS
LONDON, HONG KONG, SINGAPORE, FIJI OR ANY OTHER PART OF THE WORLD.

We are appointed Agents for all major Airlines, such as — BOAC, AIR INDIA, AIR CANADA, AIR FRANCE, SWISSAIR, ALITALIA, PAN AMERICAN, TWA, JAPAN AIRLINES, CP AIR, NORTHWEST ORIENT, KLM LUFTHANSA, QANTAS, SAS — List is Endless!

Being IATA member we can issue your ticket while you wait on any air line.

***Remember . . . One call does it all ! ! !***

## ਬੈਂਸ ਟਰੈਵਲ ਸਰਵਿਸ ਲਿਮਟਿਡ

ਦੁਨੀਆਂ ਦੇ ਕਿਸੇ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਦੇ ਮੰਗਵਾਉਣ ਲਈ ਤੁਸੀ ਸਾਨੂੰ ਆਕੇ ਦਰਸ਼ਨ ਦਿਉ। ਕਿਉਂਕੇ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਤੇ ਵੀਜ਼ਾ ਲੈਣ ਵਿਚ ਪੂਰੀ ਮਦਦ ਕੀਤੀ ਜਾਵੇਗੀ। IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ ਸਮੇਂ ਹੀ ਟਿਕਟਾਂ ਦੇ ਸਕਦੇ ਹਾਂ ਜਦ ਤੁਸੀਂ ਬੁਕਿੰਗ ਕਰਾਉ।

6364 ਫਰੇਜ਼ਰ ਸਟਰੀਟ
ਵੈਨਕੂਅਵਰ-15, ਬੀ. ਸੀ.
ਫੋਨ: 324-2277

1710 ਡਗਲਸ ਸਟਰੀਟ
ਵਿਕਟੋਰੀਆ, ਬੀ. ਸੀ.
ਫੋਨ: 386-6363

ਕੈਨੇਡਾ ਦੀਆਂ ਨਵੀਆਂ ਕਲਮਾਂ:

## ਲੀਡਰ

-ਊਧਮ ਸਿੰਘ ਰਖਰਾ-
(POWELL RIVER)

ਦੁਖੀਆਂ ਤੇ ਲੋੜਵੰਦਾਂ ਦੀ
ਮੱਦਦ ਕਰਨ ਵਾਲੇ ਨੂੰ
ਇਹ ਸਮਾਜ ਚੰਗਾ ਨਹੀਂ ਸਮਝਦਾ।

ਅੱਜ ਲੋੜ ਹੈ
ਇਸ ਸਮਾਜ ਨੂੰ ਠੁਕਰਾਉਣ ਦੀ–
ਮਜ਼ਦੂਰਾਂ ਤੇ ਕਿਸਾਨਾਂ ਨੂੰ
ਉਠਿਆਂ ਉਠਾਉਣ ਦੀ–
ਤੇ ਉਨ੍ਹਾਂ ਦੀ ਮੱਦਦ ਕਰਨ ਦੀ।

ਪਰ ਮੈਂ...
ਲੀਡਰੀ ਨੂੰ ਪਿਆਰ ਕਰਦਾ ਹਾਂ
ਤੇ ਇਸ ਗੱਲੋਂ ਡਰਦਾ
ਕੁਝ ਕਹਿ ਨਹੀਂ ਸਕਦਾ
ਕਿ ਕਿਤੇ ਆਪਣੀ
ਲੀਡਰੀ ਹੀ ਨਾ ਖੁਹਾ ਬੈਠਾਂ!

## ਮੰਦਰ

-ਪਾਲ ਮਾਨ-
(RICHMOND)

ਮੰਦਰ ਜਾਓ! ਏਸ ਪੁਜਾਰੀ ਡਿੱਠੇ ਕਈ ਨੇ!
ਇੱਕ ਪੁਜਾਰੀ ਐਸਾ ਡਿੱਠਾ, ਭੁਲਦਾ ਨਹੀਂ ਹੈ!!
ਤੋੜ ਜਿੰਦਰਾ ਲੁਟਿਆ ਮੈਨੂੰ
ਅੰਦਰੋਂ ਕਰ ਮੇਰੇ ਬੂਹੇ ਬੰਦ
ਕਿਸਨੂੰ ਹਾਲ ਸੁਣਾਵਾਂ ਆਪਣਾ
ਕਿਸਨੂੰ ਦਿਲ ਦਿਖਲਾਵਾਂ ਆਪਣਾ
ਜੋ ਕੀਤਾ ਚੋਰੋ ਚੂਰ!
ਕਿੰਨਾ ਚੰਗਾ ਹੁੰਦਾ ਜੇਉਂ
ਰਹਿੰਦਾ ਮੈਥੋਂ ਦੂਰ!!

ਜਾਂ ਫਿਰ ਸੱਚਾ ਇੱਕ ਪੁਜਾਰੀ ਹੁੰਦਾ!
ਜੋ ਮੈਨੂੰ ਲੈਂਦਾ ਆਪ ਸੰਭਾਲ!!
'ਮਾਨ' ਮੰਦਰ ਦਾ
ਫਿਰ ਇਹ ਨਾ
ਹੁੰਦਾ ਹਾਲ!!!

## ਅੰਬਰਾਂ ਦੇ ਵਿੱਚ ਜਾਣਾ

-ਜੋਗਾ ਸਿੰਘ ਰਾਹਿ-
(WILLIAMS LAKE)

ਨੀ ਮੈਂ ਤਾਂ ਅੰਬਰਾਂ ਦੇ ਵਿੱਚ ਜਾਣਾ!
ਕੁਲੀ, ਗੁੱਲੀ, ਜੁੱਲੀ ਵੇਖ ਕੇ,
ਮੈਨੂੰ ਤਾਂ ਇਹੀ ਦਿਸੇ ਟਿਕਾਣਾ!
ਨੀ ਮੈਂ ਤਾਂ ਅੰਬਰਾਂ ਦੇ ਵਿੱਚ ਜਾਣਾ!
ਉਨ੍ਹਾਂ ਥਾਂਵਾਂ ਉਪਰ ਹੀ ਜਾਣਾ!!

ਇਹ ਦੁਨੀਆਂ ਨੂੰ ਛੱਡ ਕੇ,
ਅਸੀਂ ਤਾਂ ਵੱਖਰਾ ਰਾਹ ਅਪਨਾਣਾ!
ਦੂਰ ਇਕੱਲੇ, ਅਨਜਾਣੇ ਰਾਹਾਂ ਉਤੇ ਜਾਣਾ!
ਨੀ ਅਸੀਂ ਤਾਂ ਆਪਣਾ ਮਨ ਪਰਚਾਣਾ!
ਬੇਈਮਾਨੀ ਅਤੇ ਜ਼ੋਰ ਵੇਖ ਕੇ,
ਮੰਗੀ ਦੂਰ ਨੇ ਉੱਡ ਹੀ ਜਾਣਾ!
ਅੱਧੀ ਰਾਤੀਂ ਜਾ ਚੁਲ੍ਹੇ ਨੂੰ ਫਿਰ ਆਪਾਂ ਜਗਾਣਾ!
ਨੀ ਉਨ੍ਹਾਂ ਅੰਬਰਾਂ ਦੇ ਵਿੱਚ ਜਾਣਾ!

ਦੁਨੀਆਂ ਨੇ ਨਾ ਦਰਦ ਨਿਭਾਇਆ,
ਨੀ ਆਪਾਂ ਆਪਣਾ ਦਰਦ ਨਿਭਾਣਾ!
ਨੀ ਮੈਂ ਤਾਂ ਆਪਣਾ ਜੱਗ ਵਸਾਣਾ!
ਉਨ੍ਹਾਂ ਥਾਂਵਾਂ ਉਪਰ ਹੀ ਜਾਣਾ!

ਇਹ ਦੁਨੀਆਂ ਨੂੰ ਤੁਰਦੀ ਕਰਕੇ
'ਰਾਹਿ' ਨੇ ਨਜ਼ਰ ਨੀ ਆਣਾ!
ਸਾਧਾਂ ਵਾਲਾ ਭੇਸ ਜੋੜਿਆ!
ਇੱਕ ਦਿਨ ਆਪਾਂ ਪਾਣਾ!!
ਨਾ ਕੁਝ ਪੀਣਾ ਨਾ ਕੁਝ ਖਾਣਾ!!
ਨੀ ਮੈਂ ਤਾਂ ਅੰਬਰਾਂ ਦੇ ਵਿੱਚ ਜਾਣਾ!
ਉਨ੍ਹਾਂ ਥਾਂਵਾਂ ਉਪਰ ਹੀ ਜਾਣਾ!!

---

ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ:
'ਵਤਨੋਂ ਦੂਰ'
P.O. BOX 1041
COQUITLAM, B.C. CANADA.

## ਜਾਮਾਂ ਦੀ ਮਹਿਫ਼ਲ

(ਜਿਗਰੀ ਦੋਸਤ ਰਾਜ ਦੇ ਨਾਂ)

-ਇੰਦਰਜੀਤ ਸਿੰਘ ਜੀਤ-

ਜਾਮਾਂ ਦੀ ਮਹਿਫ਼ਲ ਰਾਸ ਨਾ ਆਈ!
ਕਰ ਕਰ ਯਾਦ ਉਨ੍ਹਾਂ ਨੂੰ ਜਿੰਦ ਤੜਫਾਈ!

ਮੁਸਾਫ਼ਰ ਦੇ ਵਾਂਗੂੰ ਦਿਨ ਜੋ ਗੁਜ਼ਾਰੇ।
ਕਿਸੇ ਨਾਲ ਵਾਅਦੇ ਕਿਸੇ ਨਾਲ ਲਾਰੇ।
ਸੱਜਣਾਂ ਨੇ ਕੀਮਤ ਫੁੱਟੀ ਕੌਡੀ ਨਾ ਪਾਈ।
ਜਾਮਾਂ ਦੀ ਮਹਿਫ਼ਲ ... ... ... ... ...

ਤੇਰੇ ਬਾਝੋਂ ਸੱਜਣਾ ਕੋਈ ਨਾ ਮੇਰਾ।
ਚਾਨਣ ਦੀ ਦੁਨੀਆਂ ਫਿਰ ਵੀ ਹਨੇਰਾ।
ਪੈ ਗਈ ਲੰਬੀ ਐਡੀ ਹੈ ਕਾਹਤੋਂ ਜੁਦਾਈ।
ਜਾਮਾਂ ਦੀ ਮਹਿਫ਼ਲ ... ... ... ...

ਕੋਈ 'ਰਾਜ' 'ਜੀਤ' ਨੂੰ ਛੱਡ ਗਿਆ ਕੱਲਾ!
ਬੱਸ ਹੌਕੇ-ਹਾਵਿਆਂ ਦਾ ਹੱਥ ਮੇਰੇ ਪੱਲਾ!
ਦੁੱਖ ਵੇਲੇ ਕੋਈ ਨਾ ਹੁੰਦਾ ਸਹਾਈ!
ਜਾਮਾਂ ਦੀ ਮਹਿਫ਼ਲ ... ... ... ...

ਜਾਮਾਂ ਦੀ ਮਹਿਫ਼ਲ ਰਾਸ ਨਾ ਆਈ!
ਕਰ ਕਰ ਯਾਦ ਉਨ੍ਹਾਂ ਨੂੰ ਜਿੰਦ ਤੜਫਾਈ!

(NEW WESTMINSTER)

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

# ਭਾਰਤ ਦੇ ਕਵੀ

ਇਸ ਅੰਕ ਵਿੱਚ ਛਪ ਰਹੀਆਂ ਸੀਮਾ ਗਿੱਲ, ਸਰਦਾਰਾ ਸਿੰਘ ਮਾਹਲ, ਗੁਰਸ਼ਰਨ ਸਿੰਘ ਸੇਖੋਂ, ਰਾਜਿੰਦਰ ਕੌਰ ਗਿੱਲ, ਸੁਰਿੰਦਰ ਕਾਹਲੋਂ, ਅਜਾਇਬ ਸਿੰਘ ਹੁੰਦਲ, ਰਣਧੀਰ ਸਿੰਘ ਚੰਦ, ਗੁਰਦੇਵ ਨਿਰਧਨ ਤੇ ਭੂਸ਼ਨ ਦੀਆਂ ਰਚਨਾਵਾਂ (ਕਈ ਹੋਰ ਰਚਨਾਵਾਂ ਸਮੇਤ) ਸਾਨੂੰ ਸ਼ਮਸ਼ੇਰ ਸਿੰਘ ਸੰਧੂ (ਸੰਪਾਦਕ 'ਸੰਕਲਪ') ਦੇ ਸਹਿਯੋਗ ਨਾਲ ਪ੍ਰਾਪਤ ਹੋਈਆਂ ਸਨ। ਫੂਲ ਚੰਦ 'ਮਾਨਵ' ਹੋਰਾਂ ਦੀ ਕਵਿਤਾ ਜਨਵਰੀ 1974 ਵਿੱਚ ਪੁੱਜੀ ਸੀ। ਉਪਰੋਕਤ ਸਾਰੀਆਂ ਰਚਨਾਵਾਂ ਅਸਲ ਵਿਚ ਫਰਵਰੀ 1974 ਵਿੱਚ ਛਪ ਜਾਣੀਆਂ ਸਨ ਜੋ ਕਈ ਵਿਸ਼ੇਸ਼ ਕਾਰਣਾਂ ਕਰਕੇ ਏਨਾ ਲੇਟ ਹੋ ਗਈਆਂ। ਅਸੀਂ ਸ੍ਰੀ ਸੰਧੂ ਤੇ ਸ੍ਰੀ ਮਾਨਵ ਜੀ ਦਾ ਧੰਨਵਾਦ ਕਰਦੇ ਹਾਂ ਅਤੇ ਉਪਰੋਕਤ ਸਾਰੇ ਸੁਹਿਰਦ ਲੇਖਕਾਂ ਸਮੇਤ ਖ਼ਿਮਾ ਮੰਗਦੇ ਹਾਂ।

ਹਰਭਜਨ ਸੰਧੂ ਦੀ ਗ਼ਜ਼ਲ 'ਦੇ ਲੋਕਾ!' ਉਨ੍ਹਾਂ ਦੇ ਕੈਨੇਡਾ ਵਸਦੇ ਦੋਸਤ ਰਣਜੀਤ ਸਿੰਘ ਕਿੰਗਰਾ ਨੇ ਭੇਜੀ ਹੈ।

'ਸ਼ਨਾ ਦੀ ਯਾਦ ਵਿੱਚ' ਨਾਂ ਦੀ ਰਚਨਾ ਰਵਿੰਦਰ ਸਹਿਰਾਬ ਨੇ ਆਪਣੇ ਦੋਸਤ ਅਤੇ 'ਦੇਸੋਂ ਦੂਰ' ਦੇ ਵਿਸ਼ੇਸ਼ ਸਹਿਯੋਗੀ ਸ੍ਰੀ ਨਰੇਸ਼ ਭਾਰਤੀ ਨੂੰ 1965 ਵਿਚ ਇਕ ਕਾਰਡ ਤੇ ਲਿਖਕੇ ਭੇਜੀ ਸੀ। ਉਸੇ ਕਾਰਡ ਤੇ ਲਿਖੀ ਦੂਜੀ ਰਚਨਾ 'ਗ਼ਦਰੀ ਬਾਬੇ ਨੂੰ' ਨੂੰ ਅਸੀਂ ਸਤੰਬਰ 1973 'ਚ ਛਾਪੀ ਸੀ।

ਪਿਆਰ ਨਾਲ ਸਾਂਭ ਕੇ ਰੱਖੀਆਂ ਆਪਣੇ ਦੋਸਤ ਦੀਆਂ ਰਚਨਾਵਾਂ ਨੂੰ 'ਦੇਸੋਂ ਦੂਰ' ਤੱਕ ਪਹੁੰਚਾਣ ਲਈ ਅਸੀਂ ਸ੍ਰੀ ਕਿੰਗਰਾ ਤੇ ਸ੍ਰੀ ਭਾਰਤੀ ਅਤੇ ਸਿੱਧਾ-ਸੰਪਰਕ ਕਾਇਮ ਕਰਨ ਲਈ ਸ੍ਰੀ ਹਰਭਜਨ ਸਿੰਘ ਮਾਂਗਟ (ਸਕੰਦਰਾਬਾਦ, ਆਂਧਰਾ) ਦਾ ਧੰਨਵਾਦ ਕਰਦੇ ਹਾਂ।

(ਸੰਪਾਦਕ)

## ?...!...?.....

(ਸੀਮਾ ਗਿੱਲ)

ਤੁਸੀਂ ਮੇਰੇ ਭਰਾਵਾਂ ਦੇ ਅੰਗ ਤੋੜਦੇ ਹੋ
ਮੈਂ ਕਰਾਹੁੰਦੀ ਹਾਂ।
ਤੁਸੀਂ ਮੇਰੇ ਬਜ਼ੁਰਗਾਂ ਨੂੰ ਤਸੀਹੇ ਦਿੰਦੇ ਹੋ
ਮੈਂ ਹੋਰਾਂ ਸੈਆਂ ਬਾਰੇ ਸੋਚਦੀ ਹਾਂ!
ਤੁਸੀਂ ਉਹਨਾਂ ਨੂੰ ਗੋਲੀਆਂ ਨਾਲ ਭੁੰਨਦੇ ਹੋ
ਤਾਂ ਅਣਜਾਣੇ ਹੀ ਮੇਰਾ ਹੱਥ
ਬੰਦੂਕ ਫੜਨੀ ਲੋਚਦਾ ਹੈ।
ਕੀ ਤੁਸੀਂ ਮੈਨੂੰ ਮਹਿਜ਼
ਇਕ ਦਿਲਫ਼ਰੇਬ ਸ਼ੈ ਸਮਝਦੇ ਹੋ?
ਮੇਰੀ ਨਿਗ੍ਹਾ ਦੀ ਮਿਹਰਬਾਨੀ ਤਾਂ
ਸਿਰਫ਼ ਲੋਕਾਂ ਵਾਸਤੇ ਹੈ!
ਤੁਹਾਡੇ ਲਈ ਮੇਰੇ ਕੋਲ
ਨਫ਼ਰਤ ਤੋਂ ਸਿਵਾ ਹੋਰ ਕੁਝ ਵੀ ਨਹੀਂ ਹੈ।
ਮੈਂ ਵੇਖੀ ਹੈ ਹਰ ਵਾਰ
ਤੁਹਾਡੇ ਉੱਤੇ ਡਿੱਗੀ
ਆਪਣੇ ਭਰਾ, ਪਿਤਾ ਅਤੇ ਸਾਥੀ ਦੀ ਲੋਥ।
ਅਤੇ ਹੁਣ ਤੁਹਾਡੇ ਜ਼ੁਲਮਾਂ ਦੀ ਸੂਚੀ
ਵਧੇਰੇ ਹੀ ਲੰਮੀ ਹੋ ਗਈ ਹੈ!
ਤੁਹਾਡੇ ਕਾਲੇ ਕਰਮਾਂ ਦੇ ਇਤਿਹਾਸ
ਅਤੇ ਸੈਆਂ ਜ਼ੁਲਮ ਘਰਾਂ ਦਾ
ਨਾਮੋ ਨਿਸ਼ਾਨ ਮਿਟਾ ਦਿਤਾ ਗਿਆ ਹੈ!
ਅਤੇ ਤੁਸੀਂ ਬੇਨਕਾਬ ਹੋ ਗਏ ਹੋ!
ਹੁਣ ਤੁਸੀਂ ਆਪਣੀ ਦੇਸ਼-ਭਗਤੀ ਦਾ
ਚਿਥੜਾ ਹੋ ਗਿਆ ਦਸਤਾਵੇਜ਼
ਇਹ ਤਿਰੰਗਾ ਕੀ ਵਲ੍ਹੇਟੀ ਫਿਰਦੇ ਹੋ?
ਤੁਹਾਡਾ ਕੁਹਜ
ਉਹ ਕਿਤੇ ਵੀ ਛੁਪ ਨਹੀਂ ਸਕਦਾ!
ਇਕ ਦਿਨ ਤੁਹਾਡੀ ਹੀ ਮਾਤ-ਭੂਮੀ ਦੀ ਮਿੱਟੀ
ਤੁਹਾਡੇ ਦਫ਼ਨ ਲਈ ਦੋ ਗਜ਼ ਜ਼ਮੀਨ ਦੇਣ
ਤੋਂ ਵੀ ਇਨਕਾਰ ਕਰ ਦੇਵੇਗੀ!

## ਬਲਦੇ ਛਿਣ

(ਸਰਦਾਰਾ ਸਿੰਘ ਮਾਹਲ)

ਅੱਜ ਅਚਾਨਕ ਸਿੱਲੀ ਰੁੱਤੇ
ਧੁਖਦੇ ਧੁਖਦੇ ਛਿਣ ਬਲ ਪਏ ਨੇ
ਜਿਸਮ ਜਿਨ੍ਹਾਂ ਦੇ ਸਿੱਲ ਦੇ ਆਦੀ
ਅੱਜ ਉਹ ਸਭ ਘਬਰਾ ਉੱਠੇ ਨੇ
ਅੱਜ ਇਨ੍ਹਾਂ ਬਲਦੇ ਛਿਣਿਆਂ ਤੋਂ
ਵੇਖੋ ਕਿਉਂ ਘਬਰਾ ਉੱਠੇ ਨੇ?
ਦੋਸ਼ ਇਹਨਾਂ ਬਲਦੇ ਛਿਣਾਂ ਦਾ
ਮੌਸਮ ਦੇ ਸਿਰ ਮੜ੍ਹਨਾ ਚਾਹੁੰਦੇ
ਪਰ ਉਹਨਾਂ ਨੂੰ ਪੁੱਛੇ ਕੋਈ
ਕੀ ਦੱਸੋਗੇ ਤੁਸੀਂ ਉਹੋ ਪਲ
ਜਿਸ ਪਲ ਅੰਦਰ ਰੁੱਤ ਬਦਲਦੀ
ਭਲਾ ਦੱਸੋਗੇ ਕੀ ਜਾਣੋ
ਕਿ ਸੂਰਜ ਕੀਕਣ ਉੱਗ ਪੈਂਦਾ ਹੈ।
ਬਦਲੀ ਹੋਈ ਰੁੱਤ ਪਿੱਛੇ ਵੀ
ਤਬਦੀਲੀ-ਇਤਿਹਾਸ ਹੈ ਹੁੰਦਾ
ਸੂਰਜ ਦੇ ਜਨਮਣ ਦੀ ਖ਼ਾਤਰ
ਰਾਤ ਦਾ ਇੱਕ ਇਤਿਹਾਸ ਹੈ ਲੰਬਾ
ਪ੍ਰਸਥਿਤੀਆਂ ਦੇ ਬਾਝੋਂ ਕੋਈ
ਚੀਜ਼ ਅਚਾਨਕ ਨਹੀਂ ਜਨਮਦੀ
ਇਵੇਂ ਹੀ ਬਲਦੇ ਛਿਣਾਂ ਦੇ ਪਿੱਛੇ
ਸੁਲਘਣ ਦਾ ਇਤਿਹਾਸ ਹੈ ਲੰਬਾ।
ਸੁਲਘਣ-ਪੀੜ ਜਿਨ੍ਹਾਂ ਨੇ ਝੱਲੀ
ਅੱਜ ਉਹ ਸਾਰੇ ਖ਼ੁਸ਼ ਨੇ ਹੋਏ,
ਤੁਹਾਡੇ ਸਿੱਲੇ ਅੰਗਾਂ ਤਾਈਂ
ਸੁਲਘਣ ਦਾ ਅਹਿਸਾਸ ਨਹੀਂ ਹੈ
ਤਾਹੀਓਂ ਤੁਸੀਂ ਹੋ ਘਬਰਾਏ
ਤੁਹਾਡਾ ਕੋਈ ਇਤਿਹਾਸ ਨਹੀਂ ਹੈ
ਚਾਹੇ ਹੱਸੋ, ਚਾਹੇ ਰੋਵੋ
ਅੱਜ ਅਚਾਨਕ ਸਿੱਲੀ ਰੁੱਤੇ
ਧੁਖਦੇ ਧੁਖਦੇ ਛਿਣ ਬਲ ਪਏ ਨੇ।

IMPORTERS EXPORTERS WHOLESALERS RETAILERS
**ROKKO SAREES & FABRICS**
S-39, GREEN PARK, NEW DELHI-16, INDIA. PHONE: 77790
OWNED AND OPERATED BY B.S. KHURANA AND SONS AND GRANDSONS

BEST WISHES AND CONGRATULATIONS TO THE WATNO DUR ON COMPLETION OF ONE YEAR

FROM

# parlad s. gill

of

## CROWN LIFE

1550 WEST GEORGIA — VANCOUVER

Off.: 682-6511 Res.: 438-4884

- FAMILY PLANS
- BUSINESS AND GROUP PLANS
- SICKNESS AND ACCIDENT
- GUARANTEED INCOME REPLACEMENT
- MORTGAGE PROTECTION
- RETIREMENT PLANS
- ESTATE PLANNING
- CHILDREN'S EDUCATION
- EQUITY PLANS

# I want you to pay less income tax this year.

There's a section in the Income Tax Act that says you can deduct a substantial amount from your ? earned income if you have an eligible retirement savings plan. All you have to do is register your annuity or permanent life insurance plan. I can show you how. Just call me. Helping people save tax money is one of the services I perform best.

SABU S. SINGH
**Life Member, M.D.R.T.**

Of

**SunLife** OF CANADA

**500 One Bentall Centre**
**505 Burrard Street**
**Vancouver 1, B.C.**
**Off: 681-5321 Res: 733-7952**

## ਦੇਸ-ਭਗਤੀ ਦੇ ਅਰਥ

(ਗੁਰਸ਼ਰਨ ਸਿੰਘ ਸੇਖੋਂ)

ਸ਼ੀਸ਼-ਮਹਿਲਾਂ 'ਚ ਬੈਠੇ
ਲੁਟੇਰੂ ਦੀਆਂ ਜਿੱਤੇ ਨਦੀਆਂ
ਸਕੀਮਾਂ ਸੋਚਦੇ ਲੋਕਾਂ ਲਈ
ਦੇਸ-ਭਗਤੀ ਦੇ ਅਰਥ ਹੁੰਦੇ ਹਨ:
ਦੇਸ ਦੀ ਕੂੜੀ ਇੱਜ਼ਤ ਬਚਾਉਣ ਲਈ
ਸੀਮਾ ਤੇ ਜਾਕੇ ਲੜੋ ਤੇ ਮਰੋ;
ਅੰਨ ਘਣਾ ਉਗਾਓ
ਆਪ ਭਾਵੇਂ ਖਾਓ ਜਾਂ ਨਾ ਖਾਓ।
ਕੰਮ ਰੱਜਕੇ ਕਰੋ
ਭਾਵੇਂ ਬਿਮਾਰ ਹੋਵੋ ਜਾਂ ਤੰਦਰੁਸਤ
ਜੀਓ ਜਾਂ ਮਰੋ
ਰੱਬ ਦਾ ਭਾਣਾ ਮੰਨਕੇ
ਜਿਵੇਂ ਦਿਨ ਕੱਟ ਹੁੰਦੇ ਕੱਟ ਲਓ।

ਪਰ ਖੇਤਾਂ 'ਚ ਕੰਮ ਕਰਦੇ
ਧਰਤੀ 'ਚੋਂ ਸੋਨਾ ਪੈਦਾ ਕਰਦੇ
ਪਾਟੇ ਹੋਏ ਲੀੜੇ ਤੇ
ਧੁੱਪਾਂ ਨਾਲ ਕਾਲੇ ਹੋਏ ਪਿੰਡਿਆਂ ਵਾਲੇ
ਲੋਕਾਂ ਲਈ ਦੇਸ-ਭਗਤੀ ਦੇ ਅਰਥ ਹੁੰਦੇ ਹਨ:
ਲੋਟੂਆਂ ਦੇ ਮਹਿਲਾਂ ਵਿੱਚ
ਖੇਤਾਂ ਦਾ ਸੋਨਾ ਜਾਵੇ ਨਾ
ਲਓ ਆਪਣੇ ਹੱਕ ਤੇ ਰੱਜ ਕੇ ਲੜੋ
ਜੇ ਹਾਕਮ ਨਹੀਂ ਮੰਨਦਾ
ਤਾਂ ਸੰਘੀ ਉਸਦੀ ਫੜੋ
ਕਫ਼ਨ ਫਿਰ ਸੱਤਾ ਤੇ
ਆਪਣਾ ਸਿਰ ਦੇ ਕੇ ਕਰੋ।

ਇਹ ਤੁਸਾਡੀ ਮਰਜ਼ੀ ਹੈ
ਕਿ ਤੁਸੀਂ
ਕਿਹੜੇ ਅਰਥਾਂ ਨੂੰ ਅਪਣਾਉਂਦੇ ਹੋ।

## * ਤਿੰਨ ਕਵਿਤਾਵਾਂ *

(ਸ਼ਮਸ਼ੇਰ ਸਿੰਘ ਸੰਧੂ)

### 1. ਸ਼ਹੀਦ

ਜ਼ਮੀਰਾਂ ਦਾ ਗਲ ਘੁੱਟਕੇ ਉਹ
ਜਿਉਂ ਜੇ ਸਕਦੇ ਕਦੇ
ਤੇ ਖੱਦਰਾਂ ਦੀ ਓਟ ਵਿਚ
ਜੇ ਕਾਲਾ ਕੰਮ ਕਰ ਸਕਦੇ
ਤਾਂ ਉਹਨਾਂ ਦੀਆਂ ਗਲਾਂ ਵਿਚ
ਰੱਸਿਆਂ ਦੀ ਥਾਂ
ਅੱਜ, ਹਾਰ ਪਾਏ ਜਾਂਦੇ।

### 2. ਭਵਿੱਖ

ਸਮਾਂ ਪਾਕੇ ਚੋਣੀਆਂ ਦਾ,
ਕੱਚਾ ਰੌਲਾ ਲਹਿ ਜਾਏਗਾ
ਤੇ ਕੂੜ ਦਾ ਇਹ ਛੱਲ ਲਾਇਆ,
ਨੰਗਾ ਜਦੋਂ ਹੋ ਗਿਆ
ਲੋਕਾਂ ਦੇ ਕਟਹਿਰੇ ਵਿਚ,
ਪੁੱਛਿਆ ਜਦ ਜਾਏਗਾ
ਤਾਂ ਜ਼ਮੀਰ-ਫਰੋਸ਼ ਲੀਡਰੋ,
ਕੀ ਜਵਾਬ ਦਿਓਗੇ?

### 3. ਡੈਮੋਕਰੇਸੀ

ਸਫ਼ਰ ਦੇ ਚਾਹਵਾਨੋ
ਮੰਜ਼ਿਲ ਤੇ ਜਾਣਾ
ਲੋਚਦੇ ਹੋ,
ਤਾਂ
ਪੈਰਾਂ ਨਾਲ ਤੁਰੀ ਹੋਈ
ਇਸ ਵਿਊਂਤ ਨੂੰ ਬਦਲ ਦਿਉ।

## ਇਤਿਹਾਸ ਦੇ ਮਾਈਕ ਉੱਤੇ

(ਫੂਲ ਚੰਦ 'ਮਾਨਵ')

ਜੰਗ ਅਤੇ ਸ਼ਾਂਤੀ ਤੋਂ ਬਾਅਦ
ਨੈਪੋਲੀਅਨ ਦੇ ਸ਼ਬਦ, ਕਦੇ ਸਵੀਕਾਰ ਕਰਦੇ ਹਾਂ-
ਕਦੇ ਅਸਵੀਕਾਰ।
ਇਤਿਹਾਸ ਦੇ ਮਾਈਕ'ਤੇ ਇਕ ਤਿਹਾਈ ($\frac{1}{3}$) ਆਦਮੀ
ਅਦਨਾਂ ਅਸੀਸਾਂ ਵਿਚ ਰੁੜ੍ਹ ਗਏ।

ਜੀਵਨਹੀਣ ਇਮਾਰਤਾਂ ਦੀਆਂ ਠੰਢੀਆਂ ਸਾਹਾਂ
ਬਰਸਾਤ, ਧਾਹੀਂ ਅਤੇ ਚਿੱਕੜ ਦੀਆਂ ਝਿਲਮਿਲ ਜਾਂਦਾਂ
ਪਸਲੀਆਂ ਵਿੱਚ ਰੜਕਦੀ ਸਰਦੀ, ਐਂਠਨ-
ਕ੍ਰੋਧੀ ਆਗਿਆਵਾਂ ਅਤੇ ਦਇਆ ਦੀ ਭੀਖ!
ਉਫ਼! ਹਰੇਕ ਅੰਤ ਦਾ ਆਖ਼ਿਰ ਇਕ ਆਰੰਭ ਹੁੰਦੈ
ਜੋ ਨਦੀਆਂ ਸੰਭਾਵਨਾਵਾਂ ਵੱਲ ਲੈ ਜਾਂਦੈ।

ਇਤਿਹਾਸ ਦੇ ਮਾਈਕ ਉੱਤੇ
ਇਤਿਹਾਸ ਦੀ ਸ਼ਾਮ ਦੇ ਬੋਲ ਕਮਲਾ ਗਏ ਹਨ
ਅਤੇ ਦੂਰ ਕਿਤੇ
ਪੰਜਾਬੀ ਕਿਸਾਨ ਔਰਤਾਂ ਦਾ ਗੀਤ ਉੱਭਰ ਰਿਹਾ ਹੈ-
'ਕਿ ਦੁੱਖ ਪਲ ਭਰ ਰਹਿੰਦਾ ਹੈ
ਔਪਰ ਜੀਵਨ-ਸਦਾ ਸਦੀਵੀ ਰਹਿੰਦਾ।'
ਜੰਗ ਅਤੇ ਸ਼ਾਂਤੀ ਤੋਂ ਬਾਅਦ ... ...

ਪੰਜਾਬੀ ਦੇ ਨਿੱਕੇ ਰਿਸਾਲਿਆਂ ਵਿੱਚ ਇਕ ਨਿੱਗਰ ਵਾਧਾ

ਸੰਕਲਪ

- ਇਹ ਨੌਜਵਾਨਾਂ ਦੀ 'ਸਾਹਿੱਤਕ-ਚੇਤਨਤਾ' ਦਾ ਸਬੂਤ ਹੈ -
- ਇਹ 'ਸਾਹਿੱਤਕ-ਗੱਤਕੇਬਾਜ਼ੀ' ਦਾ ਵਿਰੋਧੀ ਇਕ ਪਰਚਾ ਹੈ -

(ਲਿਖਾ-ਪੜ੍ਹੀ ਲਈ)
ਸ਼ਮਸ਼ੇਰ ਸਿੰਘ ਸੰਧੂ, ਪਿੰਡ ਸਦਾਰਪੁਰਾ
ਨੇੜੇ ਸਿੱਧਵਾਂ ਬੇਟ, ਜ਼ਿਲਾ ਲੁਧਿਆਣਾ

MOVIES — FOREIGN EXCHANGE — CONCERT

**SIHOTA DISTRIBUTORS**

MANAGER KARTAR SINGH AHLUWALIA

3483 KINGSWAY, VANCOUVER, B.C., CANADA. V5R 5L5-
PHONE: 438-1304, 324-2557

## ਕਲੰਕ
(ਰਾਜਿੰਦਰ ਕੌਰ ਗਿੱਲ)

ਇਹ ਵੇਸ਼ਵਾਵਾਂ!
ਸਮਾਜ ਦਾ ਕਲੰਕ।
ਅੱਜ ਦਾ ਮਨੁੱਖ
ਕਚੀਚੀਆਂ ਵੱਟ ਰਿਹੈ;
ਤਿਊੜੀਆਂ ਪਾ ਰਿਹੈ।
ਚਾਹੁੰਦੈ- ਇਹ ਕਲੰਕ
ਹਮੇਸ਼ਾਂ ਲਈ ਮਿਟ ਜਾਏ-
ਇਸਦਾ ਨਾਮੋ ਨਿਸ਼ਾਨ ਨਾ ਰਹੇ।
ਵੇਸ਼ਵਾਵਾਂ —
ਇਸੇ ਸਾਊ ਦੇ
ਸਾਊਪੁਣੇ ਦਾ ਸਿੱਟਾ ਹੀ ਤਾਂ ਹਨ।

ਅੱਜ ਕੋਈ ਪੁੱਛੇ
ਇਸ ਮਨੁੱਖ ਨੂੰ -
ਔਰਤ ਨੂੰ ਵੇਸ਼ਵਾ
ਕਿਸਨੇ ਬਣਾਇਆ?
ਇਸਨੂੰ ਕੋਠੇ ਤੇ ਬੈਠਣ ਲਈ
ਕਿਸ ਮਜਬੂਰ ਕੀਤਾ?
ਕੀ ਇਹ ਕਿਸੇ ਮਨੁੱਖ ਦੀ
ਧੀ ਨਹੀਂ, ਭੈਣ ਨਹੀਂ?
ਫਿਰ ਮਨੁੱਖ ਨੂੰ
ਇੰਨ੍ਹਾਂ ਤੋਂ ਹੀ ਨਫ਼ਰਤ ਕਿਉਂ?



## ਇਹ ਕਿੰਨਾਂ ਦਾ ਮੌਸਮ
(ਸੁਰਿੰਦਰ ਕਾਹਲੋਂ)

ਇਹ ਕਿੰਨਾਂ ਦਾ ਮੌਸਮ ਹੈ?
ਇਹ ਕੇਹੇ ਰੁੱਖਾਂ ਦੀ ਮਹਿਫ਼ਲ?
ਵਾਵਾਂ ਦੇ ਵਿੱਚ ਕੰਜਵਾਪਣ ਹੈ
ਸਾਹਾਂ ਦੇ ਵਿੱਚ ਤਲਖ਼ੀ

ਰੁੱਖਾਂ ਦੇ ਵਿੱਚ ਬੈਠੀ
ਆਸ ਖਰੋਚੇ ਮਿੱਟੀ
ਅੰਤ ਨੂੰ ਖਾਵੇ

ਮੈਂ ਆਖਾਂ;
ਆਓ ਸਭ ਮਿਲਕੇ
ਆਸ ਦੇ ਗਿਰਦੇ ਗਿਰਦੇ ਬਹੀਏ
ਤੇ ਸਭ ਉਸਦਾ ਦਰਦ ਵੰਡਾਈਏ।

**"ਜਦੋਂ ਮੰਗਣ ਤੇ ਵੀ ਆਪਣੇ ਹੱਕ ਪ੍ਰਾਪਤ ਨਾ ਕੀਤੇ ਜਾ ਸਕਦੇ ਹੋਣ, ਉਸ ਵੇਲੇ ਹੱਕ ਖੋਹਣ ਦਾ ਯਤਨ ਕਰਨਾ ਚਾਹੀਦਾ ਹੈ। ਹੱਕਾਂ ਨੂੰ ਛੱਡ ਦੇਣ ਵਰਗੀ ਬੁਜ਼ਦਿਲੀ ਹੋਰ ਕੋਈ ਨਹੀਂ ਪਰ ਹੱਕ ਮੰਗਣ ਦਾ ਹੱਕ ਉਨ੍ਹਾਂ ਲੋਕਾਂ ਨੂੰ ਹੈ, ਜੋ ਆਪਣੇ ਫਰਜ਼ ਪਛਾਣਦੇ ਹੋਣ।**

## ਕੈਨੇਡਾ ਦੇ ਲੇਖਕਾਂ ਦੀਆਂ ਪੁਸਤਕਾਂ

### ਨਾਵਲ

| | |
|---|---|
| ਕੇਸਰ ਸਿੰਘ (ONOWAY, ALBERTA) | 1. ਲਹਿਰ ਵਧਦੀ ਗਈ<br>2. ਜੰਗੀ ਕੈਦੀ<br>3. ਸ਼ਹੀਦ ਊਧਮ ਸਿੰਘ |

### ਕਵਿਤਾ

| | |
|---|---|
| ਗੁਰਚਰਨ ਰਾਮਪੁਰੀ (BURNABY, B.C.) | 1. ਕਣਕਾਂ ਦੀ ਖ਼ੁਸ਼ਬੋ<br>2. ਕੌਲ ਕਰਾਰ<br>3. ਕਿਰਨਾਂ ਦਾ ਆਲ੍ਹਣਾ<br>4. ਅੰਨ੍ਹੀ ਗਲੀ |
| ਨਵਤੇਜ ਭਾਰਤੀ (LONDON, ONTARIO) | 1. ਸਿੰਬਲ ਦੇ ਫੁੱਲ |
| ਗੁਰਮੇਲ ਸਿੰਘ ਰਾਹੀ (BURNABY, B.C.) | 1. ਦੁਬਿਧਾ |
| ਗਿੱਲ ਮੋਰਾਂਵਾਲੀ (NORTH VANCOUVER, B.C.) | 1. ਚੰਡੂ ਚੌਂਕੇ<br>2. ਜਾਗ ਪਏ ਪਿੰਡ ਦੇ ਸਜਣ<br>3. ਮੈਖ਼ਾਨਾ<br>4. ਲਲਕਾਰ<br>5. ਗੀਤ-ਮਣੀ<br>6. ਆਰ ਚਾਨਣ ਪਾਰ ਚਾਨਣ |
| ਸੁਰਿੰਦਰ ਧੰਜਲ (TIDE LAKE, B.C.) | 1. ਸੂਰਜਾਂ ਦੇ ਹਮਸਫ਼ਰ |
| ਗੁਰਦਿਆਲ ਸਿੰਘ ਕੰਵਲ (NEW WESTMINSTER, B.C.) | 1. ਸੱਜਰੇ ਸੁਫ਼ਨੇ |

### ਵਿਗਿਆਨ

| | |
|---|---|
| ਅਜਮੇਰ ਸਿੰਘ (VANCOUVER, B.C.) | 1. ਵਿਸ਼ਵ ਦੀ ਨੁਹਾਰ |

IMPORTERS EXPORTERS WHOLESALERS RETAILERS
**ROKKO SAREES & FABRICS**
635-BLOOR STREET WEST TORONTO ONTARIO · CANADA
Phone 533-1106
OWNED AND OPERATED BY B.S. KHURANA AND SONS AND GRANDSONS

# ਹਿਮਾਲੀਆ ਰੈਸਟੋਰੈਂਟ

2131 ਮੇਨ ਸਟਰੀਟ

ਫੋਨ 876-2911

ਜਿਥੇ ਤੁਹਾਨੂੰ ਲੈਂਬ ਕਰੀ, ਬੀਫ ਕਰੀ,
ਪਰਾਨ ਕਰੀ, ਬੱਕਰੇ ਦਾ ਸਪੈਸ਼ਲ ਮੀਟ,
ਸਬਜੀਆਂ, ਸੋਮੋਸੇ, ਪੂਰੀ ਛੋਲੇ ਲੱਸੀ
ਦਹੀਂ, ਗੁਲਾਬ ਜਾਮਨ, ਬਰਫੀ, ਬੇਸਣ
ਤੇ ਗਜਰੇਲਾ ਹਰ ਵਕਤ ਤਿਆਰ
ਮਿਲਦਾ ਹੈ

ਮਾਲਕ
ਕਰਨੈਲ ਮੇਰਕ

ਜਿਹੜੇ ਭਾਰਤੀ ਖਾਣਿਆਂ ਦੇ ਮਾਹਰ ਹਨ

**HIMALAYA RESTAURANT**

2131 MAIN ST.
PH. 876-2911



PORTRAITS — WEDDINGS — PASSPORTS

# KARTAR PHOTO STUDIO ★

2305 Main St.
at 7th Ave.

FOR APPOINTMENT PHONE: 872-5010

ਵੈਨਕੋਵਰ ਵਿਚ ਰੰਗੀਨ ਫ਼ੋਟੋਆਂ ਖਿਚਵਾਣ ਲਈ ਹਮੇਸ਼ਾਂ

**ਕਰਤਾਰ ਫ਼ੋਟੋ ਸਟੂਡੀਓ**

ਨੂੰ ਯਾਦ ਰਖੋ

## ੧. ਵੇ ਲੋਕਾ!

(ਹਰਚਰਨ ਸੰਧੂ)

ਪਰਿਵਰਤਨ ਦੇ ਇਸ ਯੁਗ ਅੰਦਰ,
ਘੁਟ ਘੁਟ ਕੇ ਨ ਜੀਅ ਵੇ ਲੋਕਾ!
ਕਿੰਨਾ ਅਰਸਾ ਜਬਰ ਜ਼ੁਲਮ ਦਾ,
ਜ਼ਹਿਰ ਲਿਐ ਤੂੰ ਪੀ ਵੇ ਲੋਕਾ!
ਚੰਨ ਤਾਰਿਆਂ ਦੀ ਹਵਸ ਵਾਸਤੇ,
ਮੌਤ ਕਬੂਲ ਕਰਾ ਨਾ ਆਪਣੀ,
ਤੱਕ ਖਾਂ! ਸੱਖਣੇ ਪੇਟ ਪਏ ਨੇ,
ਪਰ ਤੇਰੀ ਦੇ ਜੀਅ ਵੇ ਲੋਕਾ!
ਨ ਰੱਖ ਆਸਾਂ ਮਹਿਲਾਂ ਕੋਲੋਂ,
ਕਿ ਉਥੋਂ ਤੈਨੂੰ ਕੁਝ ਮਿਲਜੂ,
ਲਾਰੇ, ਧੋਖੇ, ਨਾਅਰੇ, ਢੋਕੇ,
ਹੋਰ ਮਿਲੇਗਾ ਕੀ ਵੇ ਲੋਕਾ!
ਸੋਚ ਕਿਵੇਂ ਹੈ ਮਿਹਨਤ ਤੇਰੀ,
ਕੋਠੀਆਂ ਅੰਦਰ ਰਤਨ ਹੋਂਦੀ,
ਝੁੱਗੀਆਂ ਵਾਲਿਆ ਕਿਉਂ ਏ ਤੇਰੀ,
ਵਿਲਕ ਰਹੀ ਜ਼ਿੰਦਗੀ ਵੇ ਲੋਕਾ!
ਲਿਖ ਲਿਖ ਕੇ ਰੋਸ ਨ ਸੌਂਦੇ,
ਆਪਣੇ ਵੀਰਾਂ ਦੇ ਜ਼ਖ਼ਮਾਂ ਤੇ,
ਜੇ ਉਹਨਾਂ ਲਈ 'ਕੁਝ' ਕਰਨਾ ਏ,
ਤਾਂ ਏਹਨਾਂ ਨੂੰ ਸੀਅ ਵੇ ਲੋਕਾ!
ਫੀਮ' ਵਾਹਿਗੁਰੂ ਦੇ ਭਾਣੇ' ਦੀ,
ਨਸ਼ਾ ਤਾਂ ਭਾਵੇਂ ਦੇਏ ਹੱਟਣਾਈ,
ਖੇਡ ਰਹੀ ਤੇਰੇ ਨਾ' ਅੰਬਰ,
ਅਜੇ ਵੀ ਹੋਸ਼ ਮੈਂ ਧੀਰ ਵੇ ਲੋਕਾ!

## ੨. ਦੋ ਗ਼ਜ਼ਲਾਂ

(ਹਰਭਜਨ ਸਿੰਘ 'ਮਾਂਗਟ')

ਅੰਬਰ ਉਤੇ ਤਾਰੇ ਦੇਖ।
ਨੂਰਾਂ ਭਰੇ ਨਜ਼ਾਰੇ ਦੇਖ।
ਹੋਇਆ ਚਾਨਣ ਅੰਬਰ ਤੀਕ,
ਅੱਖਾਂ ਖੋਲ੍ਹ ਪਿਆਰੇ ਦੇਖ।
ਛੱਲਾਂ ਦੇ ਵਿੱਚ ਕਿਸ਼ਤੀ ਠੀਕ,
ਪਾਣੀ ਨਹੀਂ ਕਿਨਾਰੇ ਦੇਖ।
ਘਟ ਘਟ ਬਾਲੀਂ ਆਸ਼ਾ-ਦੀਪ,
ਹੁੰਦੇ ਨੂਰ ਪਸਾਰੇ ਦੇਖ।
ਚੰਨ ਤੇ ਪੁਜੇ ਉਹੀ ਲੋਕ,
ਜੋ ਨਾ ਹਿੰਮਤ ਹਾਰੇ ਦੇਖ।
ਦਿਲ ਵਿਚ ਜਗਦਾ ਜਿਸਦੇ ਜੋਸ਼,
ਮੰਜ਼ਿਲ ਦਵੇ ਦਿਦਾਰੇ ਦੇਖ।
ਉੱਦਮ ਅੱਗੇ ਲੱਛਮੀ 'ਮਾਂਗਟ',
ਵਾਰੇ ਹੋਣ ਨਿਆਰੇ ਦੇਖ।

---

ਜ਼ਿੰਦਗੀ ਹੈ ਨਾਲ ਐਸ਼ ਤੇ ਬਹਾਰਾਂ ਨੇ।
ਗੱਲ ਸਮਝਾਈ ਮੈਨੂੰ ਮੇਰੇ ਯਾਰਾਂ ਨੇ।
ਵੇਖਾਂ ਮੁਸੀਬਤਾਂ ਤੋਂ ਘਬਰਾਈਏ ਨਾ,
ਹਸਦੇ ਨੇ ਫੁੱਲ ਵਾਰ ਲਾਈ ਖ਼ਾਰਾਂ ਨੇ।
ਜੀਵਨ-ਪੁਜਾਰੀ ਕਦੇ ਹਾਰ ਮੰਨੀ ਨਾ,
ਘੱਟ ਨਾ ਗੁਜ਼ਾਰੀ 'ਮਨਸੂਰ' ਦਾਰਾਂ ਨੇ।
ਜਿੱਤ ਵਾਲੇ ਝੂਲੇ ਨੇ ਨਿਸ਼ਾਨ ਮਿੱਤਰਾ,
ਪੈਰ ਪੈਰ ਉਤੇ ਦਿੱਲ ਲਾਇਆ ਹਾਰਾਂ ਨੇ।
ਤੇਰੀ ਵੀ ਕਹਾਣੀ 'ਮਾਂਗਟਾ' ਅਜੀਬ ਹੈ,
ਤੈਨੂੰ ਅਜ਼ਮਾਇਆ ਸਮੇਂ ਦੀਆਂ ਮਾਰਾਂ ਨੇ।

## ੩. ਝਨਾਂ ਦੀ ਸਾਰ ਵਿੱਚ

(ਹਰਿੰਦਰ ਮਹਿਬੂਬ)

ਪਈ ਕੋਲ ਬੇਲਿਆਂ ਬੋਲੇ ਵੇ।
ਕੋਈ ਰਾਜ਼ ਝਨਾ ਦਾ ਫੋਲੇ ਵੇ।
ਇਸ ਭਰੇ ਝਨਾ ਨੇ ਵਗ ਜਾਣਾ
ਕਿਉਂ ਉਤਰੇ ਨੈਣ ਮਮੋਲੇ ਵੇ!
ਓਹ ਵੇਖਾਂ ਨੇ ਇਕ ਵਾਜ ਸੁਣੀ
ਕਿਸ ਕੰਢੇ ਸੂਰਜ ਕੋਲੇ ਵੇ?
'ਪਿਆ ਵਗਦਾ ਸਦਾ ਚਨਾਬ ਰਵੇ'
ਕੋਈ ਪੰਛੀ ਕੰਢੇ ਬੋਲੇ ਵੇ।
ਕਿਤੇ ਦੂਰ ਵਤਨ ਦੇ ਸ਼ਹਿਜ਼ਾਦੇ
ਕੋਈ ਆ ਸੌਦਾਗਰ ਟੋਲੇ ਵੇ।
ਇਕ ਸ਼ੋਰ ਪਾਣ ਤੇ ਉਤਰਿਆ
ਪਥ ਚੁੱਕਦਾ ਪੋਲੇ ਪੋਲੇ ਵੇ।
ਕੋਈ ਨਾਰ ਬੇਲਿਆਂ ਵੱਲ ਜਾਂਦੀ
ਘਰੂੰ ਕਰੇ ਝਨਾ ਨੇ ਉਹਲੇ ਵੇ।
ਕੋਈ ਦੂਰ ਗਏ ਵਣਜਾਰੇ ਲਈ
ਹੰਝੂ ਵਗਦੇ ਜਲ ਵਿੱਚ ਘੋਲੇ ਵੇ।
ਕੁੱਝ ਰਿਸ਼ਮਾਂ ਸ਼ਬਨਮ ਪੀ ਸੁੱਤੀ
ਸਭ ਚਾਨਣ ਸੂਰਜ ਫੋਲੇ ਵੇ।
ਇਕ ਕਤਰਾ ਫਜਰ ਨੂੰ ਤਰਸੇਗਾ
ਪਾ ਖ਼ੂਨੀ ਬਿੱਜਲੀਆਂ ਝੋਲੇ ਵੇ।
ਓਹ ਸੂਰਜ ਛਿਪਦਾ ਵੇਖ ਗਿਆ
ਕੋਈ ਤਾਜ ਝਨਾ ਦਾ ਰੋਲੇ ਵੇ।

ਨੋਟ:- ਝੋਲੇ, ਕੋਲੇ ਵਗੈਰਾ ਸ਼ਬਦ ਪੋਠੋਹਾਰੀ 'ਲ' ਅਨੁਸਾਰ ਹਨ, ਸਾਡੇ 'ਲ' ਅਨੁਸਾਰ ਨਹੀਂ।(ਕੋਲ = ਕੋਇਲ)

MOVIES FOREIGN EXCHANGE CONCERT

**SIHOTA DISTRIBUTORS**

MANAGER KARTAR SINGH AHLUWALIA

3483 KINGSWAY, VANCOUVER, B.C., CANADA. V5R 5L5-

PHONE: 438-1304 324-2557

੪.

ਕਿੰਨਾ ਨਾਜ਼ੁਕ ਕਿਸਮ ਦਾ ਹੈ ਅੱਜ ਸਾਡਾ ਹਾਲ।
ਰੁੱਖਾਂ ਦੀ ਥਾਂ ਲਾਈਏ ਜਾਲੀ ਛਾਵਾਂ ਨਾਲ।
ਜਿੱਦਾਂ ਕੱਲ੍ਹ ਸਵਾਲ ਸੀ ਉੱਤਰ ਲੱਭ ਰਹੇ,
ਉੱਦਾਂ ਹੀ ਅੱਜ ਉੱਤਰ ਨੇ ਲੱਭ ਰਹੇ ਸਵਾਲ।
ਲੋਕਾਂ ਦੇ ਟੇਬਲ ਦੀ ਹਿੱਲੇ ਚੂਲ ਜਦੋਂ,
ਉਸ ਵਿੱਚ ਲਾਵਾਂ ਆਪਣੀ ਮਜ਼ਬੂਰੀ ਦੀ ਫਾਲ।
ਮੈਨੂੰ ਚੇਤੇ ਆਏ ਆਪਣੀ ਤਨਹਾਈ,
ਦੀਵਾਰਾਂ ਤੇ ਟੰਗੀਆਂ ਦੇਖ ਤਿਕੋਨਾਂ ਨਾਲ।
ਜਦੋਂ ਕੀਕਣ ਉਮਰ ਦੀ ਮਾਰਸ ਮੁੱਕ ਗਿਆਂ,
ਜਦ ਤੱਕ ਇਸ ਦੀ ਅੰਤਿਮ ਤ੍ਰੀਲ ਲਵਾਂ ਨਾ ਬਾਲ।
ਮੇਰੇ ਸਿਰ ਤੇ ਸੂਰਜ ਦੀ ਥਾਂ ਤਾਰੇ ਸਨ,
ਜਦ ਮੈਂ ਲੈ ਕੇ ਉਡ ਗਿਆ ਸੋਚਾਂ ਦਾ ਜਾਲ।
ਸੁਣਿਆਂ ਕਿ ਉਸਦੇ ਸਿਰ ਤੇ ਵੀ ਵਿੱਗ ਹੀ ਸੀ,
ਸਾਰੀ ਰਾਤ ਰਿਹਾ ਮੈਂ ਵਾਹੁੰਦਾ ਜਿਸ ਦੇ ਵਾਲ।

(ਅਜਾਇਬ ਸਿੰਘ ਹੁੰਦਲ)

੫.

ਅੱਧੀ ਰਾਤੀਂ ਕੋਲੀ ਚੱਲੀ ਕੂਕਿਆ ਮੋਰ।
ਮੱਚਿਆ ਮੇਰੇ ਮਨ ਵਿੱਚ ਇਕ ਪੁਰਾਣਾ ਸ਼ੋਰ।
ਦੋ ਦੋ ਘੁੱਟਾਂ ਪੀ ਕੇ ਚੜ੍ਹਿਆ ਐਸ ਲੋਰ,
ਸਭ ਦੇ ਮਨ ਵਿੱਚ ਜਾਗਿਆ ਇਕ ਪੁਰਾਣਾ ਸ਼ੋਰ।
ਸਮਝਿਆ ਕਿ ਮੁੱਕਣੀ ਨਹੀਂ ਗ਼ਮ ਦੀ ਔੜ,
ਇਹ ਮਨ ਮੋਰ ਅਜੇ ਵੀ ਲੋਚੇ ਘਟ ਘਨਘੋਰ
ਰਹੇ ਕੂਕਦੇ ਕਾਲੀਆਂ ਇੱਟਾਂ ਕਾਲੇ ਰੋੜ,
ਪਤਾ ਨਹੀਂ ਸੀ ਇੰਞ ਨਹੀਂ ਫੁਰਦੇ ਜੋੜ ਜੋੜ।
ਕਿੱਤੇ ਨੇੜੇ ਅਸਮਾਨੀਂ ਉਡਦੀ ਇਕ ਪਤੰਗ
ਖੋਰੇ ਕੀਹਦੇ ਹੱਥਾਂ ਵਿੱਚ ਹੈ ਇਸਦੀ ਡੋਰ।
ਮੇਲੇ ਵਿੱਚ ਤਮਾਸ਼ੀ ਭਾਲਣ ਵਾਲੇ ਲੋਕ,
ਰੱਬਾ, ਕੀਕਾਂ ਮਾਣਨ ਜਦ ਵੀ ਰੋਵਣ ਥੋਰ।

(ਬਲਬੀਰ ਸਿੰਘ ਚੰਦ)



(ਗੁਰਦੇਵ ਨਿਰਧਨ)

(ਭੂਸ਼ਨ)

੬.

ਸ਼ਫ਼ਕ ਤਾਰਾ ਰੋਜ਼ ਚੜ੍ਹਦਾ ਹੈ ਮੇਰੇ ਘਰ ਰਾਤ ਨੂੰ।
ਫਿਰ ਵੀ ਰੌਸ਼ਨ ਕਰ ਨਾ ਸਕਿਆ ਆਪਣੇ ਦਿਲ ਦੀ ਬਾਤ ਨੂੰ।
ਐਸੇ ਵੀ ਕੁਝ ਫੁਲ ਨੇ ਸੂਰਜਮੁਖੀ ਦੇ ਦੇਸਤੇ
ਦਿਨ 'ਚ ਕੁਮਲਾਂਦੇ ਨੇ ਜਿਹੜੇ ਮਹਿਕਦੇ ਨੇ ਰਾਤ ਨੂੰ।
ਰਾਤ ਦੀ ਰਾਣੀ ਦਾ ਵਿਸਤਾਰ ਵਿੱਚ ਮੇਰੇ ਮਹਿਕਣਾ
ਲੋਕ ਐਵੀਂ ਸਮਝਦੇ ਨੇ ਖ਼ਾਬ ਦੀ ਇਸ ਬਾਤ ਨੂੰ।
ਆਪ ਆਪਣੀ ਭਾਲ ਵਿਚ ਫਿਰਨਾ ਭਟਕਦੇ ਰਾਤ ਦਿਨ
ਇਹ ਸੁਨਹਿਰੀ ਸਫ਼ਰ ਜਦੋਂ ਕਦ ਕਿਸੇ ਦੀ ਜ਼ਾਤ ਨੂੰ।
ਰੌਸ਼ਨੀ ਦੇ ਨਾਲ ਜੇ ਨਾ ਨਿਕਲਦਾ ਕੋਈ ਰਾਹ ਨਹੀਂ
ਮੈਂ ਤਾਂ 'ਨਿਰਧਨ' ਜਿੱਤੇ ਸਮਝਾਂ ਏਸ ਤੇਰੀ ਮਾਤ ਨੂੰ।

੭.

ਜਦ ਵੀ ਕਿਸੇ ਨੇ ਬਾਤ ਕਿਤੇ ਕੋਈ ਪਾਈ ਹੈ।
ਤੁਰਦੀ ਤੁਰਦੀ ਬਾਤ ਮੇਰੇ ਤੇ ਆਈ ਹੈ।
ਤੁਰਦੇ ਤੁਰਦੇ ਜਦੋਂ ਕਿਤੇ ਤਾਂ ਪਹੁੰਚਾਂਗੇ,
ਮਛਲੀ ਨੇ ਪੱਥਰ ਤੇ ਨਜ਼ਰ ਟਿਕਾਈ ਹੈ।
ਆਸਾਂ ਦੇ ਅੰਬਰ 'ਤੇ ਬਿਜਲੀ ਨਹੀਂ ਚਮਕੀ,
ਗ਼ਮ ਦੇ ਬੱਦਲ ਨੇ ਸਿਮਟ ਸੁਲਝਾਈ ਹੈ।
ਤੂੰ ਜਿਸ ਨੂੰ ਕਿਸਮਤ ਦੀ ਰੇਖਾ ਕਹਿੰਦੈਂ-
ਇਹ ਤਾਂ ਮੇਰੀ ਮਿਹਨਤ ਨੇ ਲਿਖਾਈ ਹੈ।
ਪੜ੍ਹਕੇ ਸ਼ਬਦ ਮੁਹੱਬਤ ਦਾ ਅਸਾਂ ਵੇਖ ਲਿਆ,
ਅੱਖਰ ਮਾਸੂਮੀ ਆਖ਼ਿਰ ਤਨਹਾਈ ਹੈ।

IMPORTERS EXPORTERS WHOLESALERS RETAILERS
ROKKO SAREES & FABRICS
27- SUSSEX RD., SOUTH CROYDON. LONDON. ENGLAND
Phone 688-4590
OWNED AND OPERATED BY S. KHURANA AND SONS AND GRANDSONS



MR NARAYAN PRASAD

WELCOMES YOU

AT

*Noda*

*Fish Market*

4583 KINGSWAY
BURNABY 1, B.C.

TEL: 434-2141

Where you can get fresh, frozen smoked & shell fish

Every type meat, lamb, beef, chicken etc.

**All East Indian Groceries**

ਜਿਥੇ ਤੁਹਾਨੂੰ ਬਕਰੇ ਦਾ ਮੀਟ (ਹਲਾਲ ਤੇ ਝਟਕਾ)
ਤੇ ਹੋਰ ਮੀਟ ਜਿਵੇਂ ਲੈਂਬ, ਮੁਰਗਾ ਤੇ ਬੀਫ਼ ਭਾਰਤੀ ਗਰੋਸਰੀ ਤੇ
ਹਰ ਕਿਸਮ ਦੀ ਮੱਛੀ ਬਾਜ਼ਾਰ ਨਾਲੋਂ ਬਹੁਤ ਸਸਤੀ ਮਿਲਦੀ ਹੈ।

ਹਮੇਸ਼ਾ ਯਾਦ ਰਖੋ

ਨੋਡਾ ਫਿਸ਼ ਮਾਰਕੀਟ

4583 ਕਿੰਗਜ਼ਵੇ

ਫੋਨ: -434-2141

ਬਰਨੇਬੀ -1

ਬੀ. ਸੀ.



# TRUFOODS

INDUSTRIES LTD.

10713 KING GEORGE HIGHWAY
SURREY, B.C., CANADA
V3T 2X6

Telephone:
(604) 584-7011

OUR SPECIALTIES

East Indian Foods, Roti, Flour, Dals, Spices,

Pickles, Rice, Cooking Oils and many more

ਹਰ ਕਿਸਮ ਦੇ ਭਾਰਤੀ ਖਾਣੇ ਦੀਆਂ ਚੀਜ਼ਾਂ ਜਿਵੇਂ
ਆਟਾ ਦਾਲਾਂ, ਮਸਾਲੇ, ਆਚਾਰ, ਚਾਵਲ, ਖਾਣਾ ਪਕਾਣ
ਵਾਲੇ ਤੇਲ ਆਦਿ ਖਰੀਦਣ ਲਈ

ਟਰੂ ਫੂਡਜ਼ ਇੰਡਸਟਰੀਜ਼ ਲਿ.

10713 ਕਿੰਗਜਾਰਜ ਹਾਈਵੇ ਸਰੀ ਬੀ. ਸੀ. ਨੂੰ ਯਾਦ ਰਖੋ


## FILM INFORMATION

1. QUEEN ELIZABETH PLAYHOUSE, Vancouver
   Call: Avtar Bains (325-7369) — Amarjit Binning (327-9573)
2. METRO THEATRE, Vancouver & CENTENNIAL, N. Vancouver
   Call: Horizon Films Ltd. (299-6710) 24 hrs.
3. CENTENNIAL THEATRE, Surrey
   Call: Ajanta Films 324-4727 & 584-7313
4. OLYMPIA THEATRE, Vancouver
   Call: S & S Pictures (874-2249)
5. YORK THEATRE, Vancouver
   Call: Evergreen Films (255-0141)
   Patel's Deluxe Mart (255-6729

SHOW TIMES:
EVERY SATURDAY 8 P.M. — EVERY SUNDAY 3:30 & 8 P.M.

# ਸੋਰ

ਗੁਰਚਰਨ ਰਾਮਪੁਰੀ

ਸੋਚ ਇਕ ਕਾਟੋ ਹੈ ਪਾਰੇ ਦੀ ਬਣੀ
ਜੋ ਹੁਣੇ ਲੋੜਾਂ ਦੀ ਧੁੱਪੇ, ਫ਼ਿਕਰ ਦੀ ਜੜ ਕੋਲ ਬੈਠੀ
ਨੀਝ ਲਾ ਆਲੇ ਦੁਆਲੇ ਵੇਖਦੀ ;
ਦੂਸਰੇ ਪਲ ਬਿਰਛ ਦੀ ਟੀਸੀ 'ਤੇ ਹੈ
ਪਹੁੰਚ ਗਈ ਮਿੱਟੀ ਨੂੰ ਛੱਡ ਮਹਿਬੂਬ ਤੀਕ ।

ਸਮਾਂ ਅਪਣੀ ਤੋਰ ਤਿੱਖੀ ਯੁਗਾਂ ਤੋਂ ਤੁਰਦਾ ਰਿਹਾ
ਪਰ ਕਦੇ ਨਾ ਮੇਲ ਸਕਿਆ ਪੈਰ ਅਪਣਾ ਸੋਚ ਨਾਲ ।
ਰੂਪ ਨੂੰ ਚੜ੍ਹਦੀ ਜਵਾਨੀ ਨਿੱਤ ਨਵੀਂ
ਫਿਰ ਵੀ ਉਹ ਨਾ ਸੋਚ ਦੀ ਹਾਨਣ ਬਣੀ
ਇਹ ਤਾਂ ਮਾਇਆ ਹੈ ਸਦਾ ਅਸਥਿਰ ਰਹੇ ।

ਇਹ ਉਹ ਪੰਛੀ ਹੈ
ਜੋ ਪੁੰਜਾ ਦੇ ਸਫ਼ਰ ਦੇ ਵਿੱਚ ਵੀ
ਆਪਣੇ ਮਹਿਬੂਬ ਦੇ ਘਰ ਮਾਰ ਆਉਂਦਾ ਹੈ ਨਜ਼ਰ ।

ਕਈ ਉਦਿਆਲਕ ਸਮਾਧੀ ਦੀ ਜ਼ੰਜੀਰ
ਉਮਰ ਭਰ ਘੜਦੇ ਰਹੇ,
ਨੈਣ ਖੁੱਲ੍ਹਦੇ ਹੀ ਤ੍ਰਿਸ਼ਨਾ ਚੁੰਗੀਆਂ ਭਰਦੀ ਮਿਲੀ ।

ਢਾਲ ਲਈਆਂ ਲੋਹ-ਸਲਾਖ਼ਾਂ ਤਾਂ ਅਟੁੱਟ ਹਰਨਾਕਸ਼ਾਂ
ਸਿਰਜ ਲਏ ਕਾਨੂੰਨ ਲੱਖ ਤਨ ਦੇ ਲਈ,
ਪਰ ਕੋਈ ਬੇਜੀਤ ਪਿੰਜਰਾ
ਬਣ ਨਹੀਂ ਸਕਿਆ ਅਜੇ ਮਨ ਦੇ ਲਈ ।

---

# ਕੱਚ-ਕਿਰਚਾਂ

ਸੁਰਜੀਤ ਸੁਰਤੀ

ਸ਼ੀਸ਼ਾ ਮੋਤੀ ਤੇ ਇਹ ਜੀਵਨ
ਠੋਕਰ ਖਾ ਕੇ ਰੂਪ ਵਟਾਵੇ
ਸਾਬਤ ਤੇ ਸੁੰਦਰ ਦੀ ਥਾਵੇਂ
ਰਹਿ ਜਾਵਣ ਕੱਚ-ਕਿਰੱਚਾਂ ।

ਹੋਠਾਂ 'ਤੇ ਪਿਆਸ ਦੀ ਪਪੜੀ
ਅੱਖਾਂ 'ਚ ਮੋਨ ਤਲਾਸ਼ ਤ੍ਰੇਹ
ਮੁਖ ਮੰਡਲ ਤੇ ਗਰਦ ਗ਼ਮਾਂ ਦੀ
ਧੜਕਨ ਵਿਚ ਨੇ ਕਿਰਕਾਂ ।

ਮਾਸ ਦੇ ਪੁਤਲੇ ਇਹ ਕਦੀ
ਕੱਦ ਦੀ ਡੱਲੀ ਜਿਹੇ ਸਬੂਤੇ
ਡਿੱਗ ਕੇ ਰੇਜ਼ਾ ਰੇਜ਼ਾ ਹੋਏ
ਖਿੰਡ ਗਈਆਂ ਨੇ ਕਿਰਚਾਂ ।
ਦੋਸਤੀ ਦਾ ਮੁਕ ਜਾਏ ਦਮ
ਟੁੱਟ ਜਏ ਮਾਸ ਨਹੁੰਆਂ ਤੋਂ
ਖਿੰਡ ਜਾਣ ਸਭ ਦਿਲ ਦੇ ਤਾਰ
ਰਹਿ ਜਾਵਣ ਕੱਚ-ਕਿਰੱਚਾਂ ।

(ਪਰ ਕੁਝ)
ਸੁੱਕੇ ਹੋਠੀਂ ਜੀਭ ਫੇਰ ਕੇ
ਨੈਣਾਂ 'ਚੋਂ ਮੁਸਕਾਨ ਕੇਰਕੇ
ਸਹੁਣਾ ਜਿਹਾ ਮੁਖੋਟਾ ਲਾ ਕੇ
ਢੱਕ ਲੈਂਦੇ ਦਿਲ-ਕਿਰੱਕਾਂ ।

---

# ਮਹਾਂ-ਸੱਚ

ਅਜਮੇਰ ਸੁਰਤੀ

ਮੇਰੇ ਪਿਆਰੇ,
ਬਹੁਤ ਬਹੁਤ ਪਿਆਰ !
ਤੂੰ ਕਿਹਾ ਸੀ :
'ਸੱਚ ਦੀ ਖੋਜ ਹੈ
ਤੇਰੇ ਜੀਵਨ ਦਾ ਆਧਾਰ
ਮਨੁੱਖੀ ਸਰੀਰ ਹੈ ਮਾਇਆ, ਨਾਸ਼ਵੰਤ
ਪਰ ਮਨੁੱਖੀ ਆਤਮਾ ਹੈ ਅਮਰ
ਭਾਵੇਂ ਨਿਰ-ਆਕਾਰ ।
—ਤੇ ਸੱਚ ਦੀ ਛੋਹ ਆਤਮਾ ਨੂੰ ਦਿੰਦੀ ਹੈ
ਮਹਾਂ-ਸ਼ਾਂਤੀ......ਮਹਾਂ-ਸ਼ਕਤੀ ।'
ਤੇਰੀਆਂ ਸਾਰੀਆਂ ਗੱਲਾਂ ਹਨ
ਮੇਰੇ ਮਨ 'ਤੇ
ਪਥਰ 'ਤੇ ਲਕੀਰਾਂ ਹਾਰ ।
ਪਰ ਗਰੀਬਣੀ ਪਾਰੋ !
ਕਲ ਕਹਿੰਦੀ ਸੀ ਪਾਰੋ !!
ਉਦਾਸ ਅੱਖਾਂ ਨਾਲ :
ਉਸ ਨੂੰ ਹੁਣ ਲਗਦੀ ਹੈ ਅੰਤਾਂ ਦੀ ਭੁੱਖ
ਤੇ ਉਸਦੀ ਕੁਖ 'ਚ ਉਸਦਾ ਬੱਚਾ
ਬਾਹਰ ਆਉਣ ਲਈ ਜਿੱਦ ਕਰਦਾ ਹੈ
ਅਤੇ ਕਹਿੰਦਾ ਹੈ :
"ਮਾਂ ਰੋਟੀ ਰੱਜ ਕੇ ਖਾਇਆ ਕਰ"
ਪਾਰੋ ਦੀਆਂ ਗੱਲਾਂ ਵੀ ਹਨ
ਮੇਰੇ ਮਨ ਤੇ
ਪੱਥਰ 'ਤੇ ਤ੍ਰੇੜਾਂ ਵਾਂਗ ।
ਇਹ ਸੱਚ ਤੇ ਭੁਖ ਦਾ ਕੀ ਰਿਸ਼ਤਾ ?
ਮੈਨੂੰ ਤੇਰੀ ਸੱਚ ਦੀ ਖੋਜ ਉਤੇ
ਹੈ ਮਾਣ ਸੱਚਾ
ਪਰ ਕਦੇ ਕਦੇ ਮੈਨੂੰ ਇਸਤਰ੍ਹਾਂ ਲਗਦਾ ਹੈ
ਜਿਵੇਂ ਪਾਰੋ ਦੇ ਬੱਚੇ ਨੂੰ ਪਤਾ ਹੋਵੇ
ਮਹਾਂ-ਸੱਚ ਕੀ ਹੈ !

---

ਪੰਜਾਬੀ ਨਾਵਲਕਾਰ ਦਾ ਸਪੁੱਤਰ ਸੁਰਗਵਾਸ
ਭਿਆਨਕ ਕਾਰ ਹਾਦਸਾ
ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਵਲੋਂ
ਸ਼ੋਕ-ਮਤਾ

ਵੈਨਕੂਵਰ- 14 ਜੂਨ 1974 ਨੂੰ ਹੋਏ ਇਕ ਕਾਰ ਹਾਦਸੇ ਵਿਚ ਪ੍ਰਸਿਧ ਪੰਜਾਬੀ ਨਾਵਲਕਾਰ ਗਿਆਨੀ ਕੇਸਰ ਸਿੰਘ ਕਰਤਾ 'ਜੰਗੀ ਕੈਦੀ' ਦੇ ਸਪੁਤਰ ਸ: ਕੁਲਜੀਤ ਸਿੰਘ ਸਰਨਾ ਸੁਰਗਵਾਸ ਹੋ ਗਏ। ਉਨ੍ਹਾ ਦੀ ਸੁਪਤਨੀ ਦੇ ਵੀ ਕਈ ਸੱਟਾਂ ਲਗੀਆਂ।
ਪੰਜਾਬੀ ਲਿਟਰੇਰੀ ਐਸਸੀਏਸ਼ਨ ਵੈਨਕੂਵਰ ਵੱਲੋਂ ਇਕ ਸ਼ੋਕ-ਮਤਾ ਪਾਸ ਕੀਤਾ ਗਿਆ ਜਿਸ ਵਿਚ ਗਿਆਨੀ ਕੇਸਰ ਸਿੰਘ ਤੇ ਉਨ੍ਹਾ ਦੇ ਸਾਰੇ ਪਰਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ ਗਈ।
ਗਿਆਨੀ ਜੀ ਅਜ ਕਲ ਐਡਮੰਟਨ ਦੇ ਨੇੜੇ ਉਲਵੇ ਵਿਖੇ ਰਹਿੰਦੇ ਹਨ।
'ਵਤਨੋ ਦੂਰ' ਦਾ ਸੰਪਾਦਕੀ ਮੰਡਲ ਵੀ ਗਿਆਨੀ ਜੀ ਦੇ ਇਸ ਦੁੱਖ ਵਿਚ ਦਿਲੋਂ ਸ਼ਾਮਲ ਹੁੰਦਾ ਹੈ।

(ਮਾਸਿਕ)
੩੨-ਬੀ, ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿਲੀ—ਫੋਨ : ੨੭੮੩੯੨

IMPORTERS EXPORTERS WHOLESALERS RETAILERS
ROKKO SAREES & FABRICS
OWNED AND OPERATED BY B.S. KHURANA AND SONS AND GRANDSONS
7-5.4-CHOME. ISOBE DORI. FUKIAI KU. KOBE. JAPAN
Phone: 251-6440

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਵਲੋਂ ਵਤਨੋਂ ਦੂਰ ਨੂੰ

ਸ਼ੁਭ ਇਛਾਵਾਂ

ਇਸ ਮਸ਼ੀਨੀ ਯੁਗ ਵਿਚ ਸਾਹਿਤ ਸੇਵਾ ਸੁਤਮਰਗਤੀ ਤਾਂ ਹੈ ਹੀ, ਪਰ ਵਤਨੋਂ ਦੂਰ ਰਹਿੰਦਿਆਂ ਇਹ ਘਾਲਣਾ ਹੋਰ ਵੀ ਔਖੀ ਹੈ। ਪਰਦੇਸੀ ਸਭਿੱਅਤਾ ਦੇ ਰੱਕੜ ਵਿਚ ਆਪਣੀ ਧਰਤੀ ਦੇ ਫੁਲ ਖਿੜਾਉਣੇ ਸੌਖੇ ਨਹੀਂ। ਇਸਦੇ ਖਾਤਰ ਦ੍ਰਿੜ ਵਿਸ਼ਵਾਸ਼ ਅਤੇ ਲਗਨ ਦੀ ਹੋਰ ਵਧੇਰੇ ਲੋੜ ਹੈ।

ਪੰਜਾਬ ਤੋਂ ਔਖੀ ਦੁਨੀਆ ਪਰੇ ਮਾਸਕ ਪੱਤਰ 'ਵਤਨੋਂ ਦੂਰ' ਦਾ ਆਰੰਭ ਅਤੇ ਉਨਤੀ ਇਸਦੇ ਸੰਪਾਦਕੀ-ਮੰਡਲ ਦੀ ਇਸ ਲਗਨ ਦਾ ਸਬੂਤ ਹਨ।

ਮੈਂ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਵਲੋਂ ਵਤਨੋਂ ਦੂਰ ਨੂੰ ਇਸਦੀ ਪਹਿਲੀ ਵਰ੍ਹੇਗੰਢ ਸਮੇਂ ਹਾਰਦਿਕ ਸ਼ੁਭ ਇੱਛਾਵਾਂ ਭੇਟ ਕਰਦਾ ਹਾਂ।

ਗੁਰਚਰਨ ਰਾਮਪੁਰੀ

ਪ੍ਰਧਾਨ

ਪੰਜਾਬੀ ਲਿਟਰੇਰੀ ਐਸੋਸੀਏਸ਼ਨ,

ਵੈਨਕੂਵਰ ਬੀ ਸੀ,

19 ਜੂਨ 1974

## ਲੋੜ ਹੈ

ਇਕਸੂਹਏ ਸੁਨੱਖੇ ਪੜ੍ਹੇ ਲਿਖੇ 25 ਸਾਲਾ ਰਾਮਗੜ੍ਹੀਆ ਸਿੱਖ ਨੌਜਵਾਨ ਕੱਦ 5', 11" ਲਈ ਇਕ ਬਹੁਤ ਖੂਬਸੂਰਤ ਸੁਸ਼ੀਲ ਕੰਨਿਆਂ ਦੀ ਜ਼ਰੂਰਤ ਹੈ। ਕੰਨਿਆਂ ਘੱਟੋ ਘੱਟ ਚਿੱਠੀ ਪੱਤਰ ਕਰਨ ਜਾਣਦੀ ਹੋਵੇ। ਲੈਣ ਦੇਣ ਤੇ ਜ਼ਾਤ ਪਾਤ ਦਾ ਕੋਈ ਬੰਧਨ ਨਹੀਂ।

ਚਿੱਠੀ ਪੱਤਰ ਇਸ ਪਤੇ ਤੇ ਕਰੋ

C/O WD I

P.O. BOX 1041, COQUITLAM, B.C., CANADA



## ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਚੋਣ

੨ ਜੂਨ ੭੪ – ਅੱਜ ਉਪਰੋਕਤ ਜਥੇਬੰਦੀ ਦੀ ਚੋਣ ਮੀਟਿੰਗ ਵਿਚ ਇਸ ਸਾਲ ਲਈ ਹੇਠ ਲਿਖੇ ਅਹੁਦੇਦਾਰ ਚੁਣੇ ਗਏ :

ਪ੍ਰਧਾਨ : ਗੁਰਚਰਨ ਰਾਮਪੁਰੀ

ਮੀਤ ਪ੍ਰਧਾਨ : ਸ੍ਰੀ ਮਤੀ ਰਾਜਿੰਦਰ ਦੁਸਾਂਝ

ਸਕੱਤਰ : ਅਜਮੇਰ ਸਿੰਘ

ਪ੍ਰੈਸ ਸਕੱਤਰ : ਜਗਦੀਸ਼ ਸਰਨ

ਖਜ਼ਾਨਚੀ : ਸਾਧੂ ਸਿੰਘ

ਰਸਾਲਾ ਸੰਪਾਦਕ ਕਮੇਟੀ : ਕਰਮ ਸਿੰਘ ਮਾਂਡੀਵਾਲ 'ਪਰਿਵਰਤਨ'

: ਇਕਜੀਤ ਕੌਰ 'ਵਤਨੋਂ ਦੂਰ'

ਚੋਣ ਪਿੱਛੋਂ ਅਮਰਜੀਤ ਸਿੰਘ ਨੇ ਆਪਣੀ ਕਹਾਣੀ ; ਸਾਧੂ ਸਿੰਘ, ਅਜਮੇਰ ਸਿੰਘ ਅਤੇ ਸ੍ਰੀ ਮਤੀ ਸੁਰਜੀਤ 'ਕਲਸੀ' ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਜੋ ਪੜਚੋਲੀਆਂ ਤੇ ਸਲਾਹੀਆਂ ਗਈਆਂ।

ਅਗਲੀ ਮੀਟਿੰਗ ੧੪ ਜੁਲਾਈ ੭੪ ਦਿਨ ਐਤਵਾਰ ਨੂੰ ਸਵੇਰੇ ੧੦ ਵਜੇ ਸਾਊਥ ਪਰੋਸਪੈਕਟ ਨੇਬਰਹੁੱਡ ਸੈਂਟਰ 758 ਈਸਟ ਬਰਾਡਵੇ ਵੈਨਕੂਵਰ ਵਿਚ ਹੋਵੇਗੀ। ਪੰਜਾਬੀ ਸਾਹਿਤ ਦੇ ਪ੍ਰੇਮੀਆਂ ਨੂੰ ਇਸ ਵਿਚ ਆਉਣ ਲਈ ਸੱਦਾ ਦਿੱਤਾ ਜਾਂਦਾ ਹੈ।

ਇਸ ਦੇ ਨਾਲ ਹੀ 'ਪਰਿਵਰਤਨ' ਅਤੇ 'ਵਤਨੋਂ ਦੂਰ' ਦਾ ਧੰਨਵਾਦ ਕੀਤਾ ਗਿਆ ਜੋ ਐਸੋਸੀਏਸ਼ਨ ਦੀਆਂ ਸਰਗਰਮੀਆਂ ਦੀਆਂ ਰੀਪੋਰਟਾਂ ਨੂੰ ਸਦਾ ਆਪਣੇ ਪਰਚਿਆਂ ਵਿਚ ਥਾਂ ਦਿੰਦੇ ਰਹਿੰਦੇ ਹਨ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

# ਸਾਜ਼ ਅਤੇ ਆਵਾਜ਼

ਆਪਣੇ 'ਫਿਲਮਾਂ, ਸੰਗੀਤ ਤੇ ਥੀਏਟਰ' ਦੇ ਸਥਾਈ ਕਾਲਮ 'ਸਾਜ਼ ਅਤੇ ਆਵਾਜ਼' ਵਿੱਚ ਇਸ ਵਾਰ ਅਸੀਂ ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਬਣ ਰਹੀ ਪੰਜਾਬੀ ਫਿਲਮ ਬਾਰੇ ਰੋਜ਼ਾਨਾ 'ਅਜੀਤ' ਜਲੰਧਰ ਦੇ ਫਿਲਮ-ਸੰਪਾਦਕ ਸ੍ਰੀ ਬਲਦੇਵ ਗਰੇਵਾਲ ਦੇ ਵਿਚਾਰ ਸਾਂਝੇ ਕਰ ਰਹੇ ਹਾਂ ਜੋ 'ਅਜੀਤ' ਦੇ ਮਈ 1974 ਦੇ ਇਕ ਫਿਲਮ-ਅੰਕ ਵਿੱਚ ਛਪੇ ਸਨ।

ਇਹ ਲੇਖ ਸਾਡੀ ਫਿਲਮੀ ਦੁਨੀਆਂ ਦੇ ਨਿਰਮਾਤਾਵਾਂ, ਨਿਰਦੇਸ਼ਕਾਂ ਤੇ ਕਲਾਕਾਰਾਂ ਦੇ ਕਿਰਦਾਰ ਦੀ ਇਕ ਅਜੀਬ ਦਾਸਤਾਨ ਪੇਸ਼ ਕਰਦਾ ਹੈ। ਭਗਤ ਸਿੰਘ ਜਿਹੇ ਮਹਾਨ ਸ਼ਹੀਦਾਂ ਅੱਗੇ ਜਿੱਥੇ ਸਾਡਾ ਸਿਰ ਸ਼ਰਧਾ ਨਾਲ ਝੁਕਦਾ ਹੈ ਉੱਥੇ 'ਮਹਾਨ ਫਿਲਮੀ-ਹਸਤੀਆਂ' ਅਤੇ ਫ਼ਰੇਬ ਨੂੰ ਸ਼ਹਿ ਦੇ ਰਹੇ ਬਦਸੂਰਤ ਰਵੱਈਏ ਅੱਗੇ ਸ਼ਰਮ ਨਾਲ...

(ਸੰਪਾਦਕ)

✱ਬਲਦੇਵ ਗਰੇਵਾਲ✱

# ਸ਼ਹੀਦਾਂ ਦਾ ਵਪਾਰ ਕਰਨ ਵਾਲੇ ਇਹ ਵਪਾਰੀ

ਜਲੰਧਰ 'ਚ ਦਰਜ਼ੀ ਦਾ ਕੰਮ ਕਰਦਿਆਂ ਉਹਨਾਂ ਕੋਲ ਇਤਨਾ ਪੈਸਾ ਹੋ ਗਿਆ ਕਿ ਉਹਨੀਂ ਫਿਲਮ ਬਨਾਉਣ ਦੀ ਸੋਚ ਲਈ। ਇਕ ਬਣਾਈ, ਪਿਟ ਗਈ, ਦੂਸਰੀ ਬਣਾਈ ਪਿਟ ਗਈ। ਇਸੇ ਪਰੇਸ਼ਾਨੀ ਵਿਚ ਦੋ ਤਿੰਨ ਸਾਲ ਲੰਘ ਗਏ...ਤੇ ਇਕ ਦਿਨ ਉਹਨੀਂ ਸੋਚਿਆ, ਪੰਜਾਬੀ ਫਿਲਮ ਬਣਾਈ ਜਾਵੇ-ਸ਼ਹੀਦ ਭਗਤ ਸਿੰਘ। ਇਕ ਲੇਖਕ ਢੂੰਡ ਲਿਆ। ਬਦਕਿਸਮਤੀ ਨਾਲ ਲੇਖਕ ਸਿਆਣਾ ਸੀ ਤੇ ਹਾਲੇ ਉਸਤੇ ਫਿਲਮੀ ਲੇਖਕ ਬਣਨ ਦਾ ਭੂਤ ਵੀ ਸਵਾਰ ਨਹੀਂ ਸੀ ਹੋਇਆ। ਭਗਤ ਸਿੰਘ ਬਾਰੇ ਉਸਨੇ ਘੁੰਮ ਫਿਰਕੇ ਜਾਣਕਾਰੀ ਵੀ ਖੂਬ ਇਕੱਠੀ ਕੀਤੀ ਹੋਈ ਸੀ।

'ਸਟੋਰੀ ਸਿਸ਼ਨ' ਕੀਤੇ ਜਾਣ ਲਗੇ। ਵਿਸਕੀ ਵਧੇਰੇ, ਕਹਾਣੀ ਘੱਟ। ਲੇਖਕ ਇਕ ਗਲ ਕਰਦਾ, ਦਰਜੀ ਚਾਰ ਤਰਮੀਮਾਂ ਪੇਸ਼ ਕਰ ਦਿੰਦੇ। ਲੇਖਕ ਸਾਂਡਰਸ ਦੇ ਕਤਲ ਦਾ ਸ਼ੀਨ ਬਿਆਨ ਕਰਦਾ। ਦਰਜੀ ਝੂੰਮ ਕੇ ਆਖਦੇ—'ਬਸ ਇਥੋਂ ਸਿਧਾ ਭਗਤ ਸਿੰਘ ਨੂੰ ਕੰਜਰੀ ਦੇ ਕੋਠੇ ਲੈ ਜਾਓ ਤੇ ਇਕ ਕਵਾਲੀ ਦੀ ਸਿਚੂਏਸ਼ਨ ਪੈਦਾ ਕਰ ਦਿਓ।' ਲੇਖਕ ਦੁਖੀ ਹੋ ਕੇ ਦਰਸ਼ਕਾਂ ਦੇ ਭੜਕ ਉਠਣ ਦੀ ਸੰਭਾਵਨਾ ਦਸਦਾ। ਦਰਜੀ ਆਖਦੇ—ਡਰਾਮਾ ਪੈਦਾ ਕੀਤੇ ਵਗੈਰ ਫਿਲਮ ਨਹੀਂ ਚਲਦੀ।

ਲੇਖਕ ਆਖਦਾ ਭਗਤ ਸਿੰਘ ਦੀ ਜ਼ਿੰਦਗੀ 'ਚ ਹੀ ਏਨਾ ਡਰਾਮਾ ਹੈ ਕਿ...

ਲੇਖਕ ਦੀ ਗਲ ਵਿਸਕੀ ਵਿਚ ਡੋਬ ਦਿਤੀ ਜਾਂਦੀ। ਪਰ ਦਰਜ਼ੀਆਂ ਨੂੰ ਮੌਕਾ ਹੀ ਨਸੀਬ ਨਾ ਹੋਇਆ ਭਗਤ ਸਿੰਘ ਦੀ ਕੁਰਬਾਨੀ ਦੀ ਗਾਥਾ ਨੂੰ ਕਟ ਵਢ ਕੇ 'ਡਰਾਮਾ' ਬਨਾਉਣ ਦਾ! ਜੇ ਮੌਕਾ ਮਿਲ ਜਾਂਦਾ ਤਾਂ ਦਰਜ਼ੀਆਂ ਨੂੰ 'ਨੀਲ ਤਾਰੇ' ਦਿਸਦੇ ਜਾਂ ਦਰਸ਼ਕਾਂ ਨੂੰ ਕੁਝ ਨਹੀਂ ਕਿਹਾ ਜਾ ਸਕਦਾ।

ਇਕ ਹੋਰ ਪਾਰਟੀ ਉਸ ਸਟੋਰੀ ਸੈਸ਼ਨ ਚਲਦਿਆਂ ਚਲਦਿਆਂ ਹੀ ਮੈਦਾਨ ਵਿਚ ਆ ਗਈ ਤੇ ਧੜਾਂ ਧੜ ਪੰਜਾਬ ਵਿਚ ਸ਼ੂਟਿੰਗ ਹੋ ਗਈ...।

ਪੰਜਾਬ ਦੇ ਇਕ ਸ਼ਹੀਦ ਦੀ ਪਹਿਲੀ ਵਾਰ ਪੰਜਾਬੀ ਚ ਫਿਲਮ ਬਣਾਈ ਜਾ ਰਹੀ ਸੀ, ਉਸ ਬਾਰੇ ਜਾਨਣ ਦੀ ਉਤਸੁਕਤਾ ਤਾਂ ਪੈਦਾ ਹੋਣੀ ਸੀ, ਸੋ ਹੋ ਗਈ ਤੇ ਇਹ ਉਤਸੁਕਤਾ ਉਂਗਲ ਫੜਕੇ ਇਸ ਪੰਜਾਬੀ ਫਿਲਮ ਦੇ ਨਿਰਦੇਸ਼ਕ ਓਮੀ ਬੇਦੀ ਕੋਲ ਲੈ ਗਈ।



ਗਲਾਂ ਭਗਤ ਸਿੰਘ ਬਾਰੇ ਚਲ ਪਈਆਂ ਹਨ...

ਭਗਤ ਸਿੰਘ ਦਾ ਪਿਤਾ ਬਗੀਚੇ ਵਿਚ ਪੌਦੇ ਬੀਜ ਰਿਹਾ ਹੈ, ਨਿਆਣਾ ਭਗਤ ਸਿੰਘ ਕੋਲ ਖੇਡ ਰਿਹਾ ਹੈ ਤੇ ਪਿਤਾ ਦੀ ਰੀਸੀ ਕਾਨੇ ਮਿੱਟੀ ਵਿਚ ਖੋਭ ਖੋਭ ਖੜੇ ਕਰੀ ਜਾ ਰਿਹਾ ਹੈ!

ਪਿਤਾ ਪੁਛਦਾ ਹੈ-ਕੀ ਰਿਹੈ, ਭਗਤ ਸਿਆਂ ?

—ਦੰਬੂਕਾਂ ਬੀਜ਼ ਰਿਹਾ, ਗਰੇਜਾਂ ਨੂੰ ਮਾਰਨ ਲਈ।

ਮੈਂ ਭਗਤ ਸਿੰਘ ਦੇ ਬਚਪਨ ਦੀਆਂ ਗਲਾਂ ਕਰ ਰਿਹਾ ਹਾਂ। ਓਮੀਬੇਦੀ ਆਖਦਾ ਹੈ—ਹਾਂ ਅਸੀਂ ਇਹ ਸੀਨ ਵੀ ਰਖਿਐ! ਪਰ ਇਸਨੂੰ ਬਦਲ ਦਿਤੈ ਸਪਿਰਟ ਇਹੋ ਰਖੀ ਹੈ, ਪਰ ਸਿਚੂਏਸ਼ਨ ਬਿਲਕੁਲ ਹੋਰ ਬਣਾ ਦਿਤੀ ਹੈ...!

ਗਲ ਮੈਨੂੰ ਬੁਰੀ ਤਰ੍ਹਾਂ ਹੈ—ਕਿਉਂ ?

—ਜਿਸ ਤਰ੍ਹਾਂ ਅਸੀਂ ਸੀਨ ਫਿਲਮਾਇਆ, ਉਸ ਤਰ੍ਹਾਂ 'ਡਰਾਮਾ ਵਧੇਰੇ ਪੈਦਾ ਹੁੰਦਾ ਹੈ।

ਮੇਰਾ ਅੰਦਰਲਾ ਦੁੱਖ ਗਿਆ ਹੈ। ਕਿਉਂ ਇਹ ਲੋਕ ਇਕ ਲਾਸਾਨੀ ਸ਼ਹੀਦ ਦੀ ਕਹਾਣੀ ਨੂੰ 'ਡਰਾਮਾ' ਬਨਾਉਣ

IMPORTERS EXPORTERS WHOLESALERS RETAILERS

ROKKO SAREES & FABRICS

635-BLOOR STREET WEST TORONTO ONTARIO CANADA

Phone 533-1106

OWNED AND OPERATED BY B.S. KHURANA AND SONS AND GRANDSONS



**DIRECT IMPORTER**

Our speciality is your satisfaction for best variety top quality and low prices visit

# DIVENA TRADING LTD.

**6665 Main Street, Vancouver, B.C.**

SPECIALIST IN: Indian and Japanese — all kind of plain, printed & silk, embroidered sarees, wedding suits, silk suits, duppattas pure woolen sweaters and yard goods etc.

Top quality shirts (men) pullover cardigans and children wear from England and sport shirts, T shirts, embroidered shirts from Singapore are items of special interest.

**Visit today or phone right now at 324-3723 — 324-2508**

---




## ACTION NOW

Canada Permanent **NEEDS** houses in your area because we have clients arriving daily. We have handled over 5,000 transferred employees.

CANADA PERMANENT OFFERS YOU

- **A guaranteed sales plan**
- **Offices coast to coast**
- **A complete mortgage financing service**
- **An efficient staff on 24-hour call**

**For expert advice contact**

# RAJ CHEEMA

OFFICE 524-9511

RESIDENCE 874-5588

PAGE 687-7711-2783

**DON'T FORGET** **We are the Company with the Guaranteed Sales Plan**

We guarantee to sell your house whether moving across the street or across the country, when you use our Guaranteed Sales Plan.

**Canada Permanent Trust Real Estate** 7350 Edmonds Street Burnaby, B.C. V3N 1A8

In the event your property is currently listed exclusively with another agent, please refer this communication to him. RE 1

ਬਣਾਉਣ ਲਈ ਤੋੜ ਮਰੋੜ ਰਹੇ ਹਨ ? ਕੀ ਇਤਿਹਾਸ ਨੂੰ ਕਦੀ ਦਿਲਚਸਪ ਬਨਾਉਣ ਲਈ ਉਸ ਵਿਚ ਕਲਪਿਤ ਘਟਨਾਵਾਂ ਪਾਈਆਂ ਜਾ ਸਕਦੀਆਂ ? ਕਿਉਂ ਇਹ ਵਪਾਰੀ ਭਗਤ ਸਿੰਘ ਦਾ ਵੀ ਵਪਾਰ ਕਰ ਰਹੇ ਹਨ ?

ਸੋਮਦਤ ਭਗਤ ਸਿੰਘ ਦਾ ਰੋਲ ਕਰ ਰਿਹਾ ਹੈ। ਕਿਵੇਂ ਇਹ ਕਲਾਕਾਰ ਸਾਡੇ ਉਸ ਸ਼ਹੀਦ ਦੀ ਆਤਮਾ ਨੂੰ ਸਾਕਾਰ ਕਰ ਕੇ ਦਿਖਾਵੇਗਾ ? ਇਹ ਜਾਨਣ ਲਈ ਸੋਮਦਤ ਨੂੰ ਮਿਲਣ ਦੀ ਸੋਚਦਾ ਹਾਂ।

ਮੁਲਾਕਾਤ ਜਲੰਧਰ ਦੀ ਜੇਲ ਚ ਹੁੰਦੀ ਹੈ । ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਕੈਦ ਕੋਠੜੀਆਂ ਵਿਚੋਂ ਕਢ ਕੇ ਫਾਂਸੀ ਦੇ ਤਖਤੇ ਵਲ ਲਿਜਾਇਆ ਜਾਣ ਦਾ ਸੀਨ ਲਿਆ ਜਾ ਰਿਹਾ ਹੈ । ਮੇਰੇ ਪੁਜਣ ਤੋਂ ਪਹਿਲਾਂ ਸੋਮਦੱਤ ਦਾ ਸ਼ਾਟ ਹੋ ਚੁੱਕਾ ਹੈ ਤੇ ਸ਼ਤਰੂਜੀਤ ਦਾ ਸ਼ਾਟ ਲਿਆ ਜਾ ਰਿਹਾ ਹੈ । ਕਾਲਾ ਲਿਬਾਸ ਹੈ । ਉਸਦੀਆਂ ਬਾਹਾਂ ਪਿਛਾਂਹ ਬਝੀਆਂ ਹਨ । ਇੰਜ ਜਾਪਦਾ ਹੈ ਉਹ ਕੈਦ ਕੋਠੜੀ ਚੋਂ ਨਹੀਂ, ਹੁਣੇ ਕਿਸੇ ਸੈਲੂਨ ਚੋਂ ਨਿਕਲ ਕੇ ਆਇਆ ਹੈ ਕੋਠੜੀ ਚੋਂ ਨਿਕਲ ਕੇ ਉਸਨੇ ਮੁਸਕ੍ਰਾਉਣਾ ਹੈ। ਕੈਮਰੇ ਸਾਹਮਣਿਉਂ ਇਕ ਵਾਰ ਮੁਸਕਰਾ ਕੇ ਮੂੰਹ ਘੁੰਮਾਉਣਾ ਹੈ । ਬਾਰਾਂ ਤੇਰਾ ਟੇਕ ਹੋ ਚੁਕੇ ਹਨ, ਕੋਈ ਵੀ ਓ. ਕੇ. ਨਹੀਂ ਹੁੰਦਾ । ਆਖਰ ਗਿਲੇ ਚਮੜੇ ਵਰਗੇ ਮੁਸਕ੍ਰਾਉਂਦੇ ਚਿਹਰੇ ਦੇ ਸ਼ਾਟ ਨੂੰ ਓ. ਕੇ. ਕਰ ਲਿਆ ਗਿਆ । ਸ਼ਤਰੂਜੀਤ ਵਿਹਲਾ ਹੁੰਦਿਆਂ ਹੀ ਪਹਿਲੀ ਗਲ ਆਖਦਾ ਹੈ —'ਸਾਲਾ' ਯਹ ਕੋਈ ਕਾਮ ਹੈ। ਹਮੇਂ ਤੋ ਮਾਰ ਕੁਟਾਈ ਕਾ ਕਾਮ ਦੋ ।

ਸ਼ਤਰੂਜੀਤ ਰਾਜਗੁਰੂ ਦਾ ਰੋਲ ਕਰ ਰਿਹਾ ਹੈ। ਉਸਦੀ ਇਹ ਗਲ ਸੁਣਕੇ ਸੋਚਦਾ ਹਾਂ—ਕਿਸਦਾ ਦੋਸ਼ ਹੈ— ਨਿਰਦੇਸ਼ਕ ਦਾ ਜਾਂ ਸ਼ਤਰੂ ਦਾ ?

ਬਾਹਰ ਸੋਮਦਤ ਵਿਹਲਾ ਬੈਠਾ ਹੈ । ਰਸਮੀ ਜਿਹੀ ਗਲਬਾਤ ਹੁੰਦੀ ਹੈ । ਵਿਚੋਂ ਹੀ ਸਾਡਾ ਫੋਟੋਗ੍ਰਾਫਰ ਕਪਿਲਾ ਤਸਵੀਰ ਲੈਣ ਅਗੇ ਆ ਜਾਂਦਾ ਹੈ । ਮੈਂ ਸੋਮਦਤ ਨੂੰ ਆਖਦਾ ਹਾਂ ਸੋਮ ਜੀ, ਤੁਸੀਂ ਹੁਣੇ ਸੀਨ ਦੇ ਕੇ ਆਏ ਹੋ, ਭਗਤ ਸਿਘ ਨੂੰ ਫਾਂਸੀ ਦੇ ਤਖਤੇ ਵਲ ਲਿਜਾਣ ਦਾ । ਉਸ ਸ਼ਹੀਦ ਦੇ ਚਿਹਰੇ ਤੇ ਕੁਰਬਾਨੀ ਦੇਣ ਸਮੇਂ ਕਿਹੋ ਜਿਹੇ ਭਾਵ ਹੋਣਗੇ, ਤੁਸੀਂ ਆਪਣੇ ਮੁਤਾਬਕ ਉਹੋ ਜਿਹੇ ਭਾਵ ਚਿਹਰੇ ਤੇ ਲਿਆ ਕੇ ਤਸਵੀਰ ਦਿਉ ।

ਸੋਮਦਤ ਚੁਟਕੀ ਮਾਰਨ ਵਾਂਗ ਆਖਦਾ ਹੈ-ਲਓ ਜਨਾਬ । ਤੇ ਉਹ ਇਕ ਪਾਸੇ ਨੂੰ ਮੂੰਹ ਕਰਕੇ ਮੂੰਹ ਨੂੰ ਇਸ ਤਰ੍ਹਾਂ ਖਿਚ ਲੈਂਦਾ ਹੈ ਕਿ ਉਸਦੀਆਂ ਨਾਸਾਂ ਉਪਰ ਉਠ ਕੇ ਬੇਸੁਰੀਆਂ ਹੋ ਜਾਂਦੀਆਂ ਹਨ ਤੇ ਇੰਝ ਜਾਪਦਾ ਹੈ, ਬੰਬਈਆਂ ਫਿਲਮਾਂ ਦੇ ਰਵਾਇਤੀ ਡਾਕੂ ਦਾ ਗੁੱਸੇ ਦਾ ਪ੍ਰਭਾਵ ਹੀ ਉਹ ਵਿਖਾ ਰਿਹਾ ਹੈ।

—ਤੁਸੀਂ ਭਗਤ ਸਿਘ ਦਾ ਰੋਲ ਕਰਨ ਲਈ ਆਪਣੇ ਆਪ ਨੂੰ ਕਿਵੇਂ ਤਿਆਰ ਕੀਤਾ ਹੈ ? ਮੇਰਾ ਖਿਆਲ ਹੈ ਕਿਸੇ ਕਲਪਿਤ ਪਾਤਰ ਨਾਲੋਂ ਕਿਸੇ ਸਚੀ ਮੁਚੀ ਹੋ ਚੁਕੇ ਪਾਤਰ ਨੂੰ ਸਜੀਵ ਕਰਨਾ ਔਖਾ ਕੰਮ ਏ । ਤੁਸੀਂ ਇਸ ਕੰਮ ਨੂੰ ਕਿਵੇਂ ਆਪਣੇ ਲਈ ਸੁਖਾਲਾ ਬਣਾਇਆ ਏ ?



—ਐਕਟਰ ਦਾ ਹੋਰ ਕੰਮ ਕੀ ਏ ? ਜੋ ਵੀ ਰੋਲ ਮਿਲੇ, ਉਸੇ ਨੂੰ ਸਾਕਾਰ ਕਰਨਾ । ਸੋਮਦਤ ਦਾ ਅਜੀਬ ਉਤਰ ਸੁਣ ਕੇ ਸੋਚਦਾ ਹਾਂ, ਸ਼ਾਇਦ ਮੈਂ ਆਪਣਾ ਸਵਾਲ ਠੀਕ ਤਰ੍ਹਾਂ ਨਹੀਂ ਕਰ ਸਕਿਆ।

—ਮੇਰਾ ਮਤਲਬ ਹੈ, ਮਾਨਸਿਕ ਤੌਰ ਤੇ ਭਗਤ ਸਿੰਘ ਨਾਲ ਸਮਤਾ ਕਾਇਮ ਕਰਨ ਲਈ ਤੁਸਾਂ ਕੀ ਕੀਤਾ ਹੈ ? ਭਗਤ ਸਿੰਘ ਦੀ ਜ਼ਿੰਦਗੀ ਨੂੰ ਠੀਕ ਤਰ੍ਹਾਂ ਸਮਝਣ ਲਈ ਕੁਝ ਪੜ੍ਹਿਆ ਹੈ ? ਭਗਤ ਦੀ ਆਪਣੀ ਕੋਈ ਲਿਖਤ ਪੜ੍ਹੀ ਹੈ। ਅਦਾਲਤ ਵਿਚ ਦਿਤੇ ਉਸਦੇ ਬਿਆਨ ਪੜ੍ਹੇ ਹਨ ?

—ਹਾਂ ਕਈ ਕਿਤਾਬਾਂ ਪੜੀਆਂ ਸਨ । ਸੋਮਦਤ ਦਾ ਉਤਰ ਮੈਨੂੰ ਘੜਿਆ ਪੜ੍ਹਾਇਆ ਜਾਪਦਾ ਹੈ।

—ਕਿਸੇ ਦੇ ਲੇਖਕ ਦਾ ਨਾਂ ਲਵੋਗੇ ?

ਸੋਮਦਤ ਸੋਚਦਾ ਹੈ, ਸੋਚਦਾ ਹੈ, ਫਿਰ ਆਖ ਦਿੰਦਾ ਹੈ—ਹੁਣ ਲੇਖਕ ਦਾ ਨਾਂ ਯਾਦ ਨਹੀਂ ।

—ਤੁਸੀਂ ਭਗਤ ਸਿੰਘ ਦੀ ਮਾਤਾ ਨੂੰ ਵੀ ਮਿਲੇ ਹੋ ? ਸ਼ਾਇਦ ਉਹਨਾਂ ਨੂੰ ਮਿਲਣਾ ਤੁਹਾਡੇ ਲਈ ਕਾਫ਼ੀ ਲਾਭਦਾਇਕ ਹੁੰਦਾ ।

—ਮਿਲਣਾ ਤਾਂ ਚਾਹਿਆ ਸੀ । ਸਾਡੀ ਫਿਲਮ ਦਾ ਮਹੂਰਤ ਵੀ ਖਟਕੜ ਕਲਾਂ 'ਚ ਹੋਇਆ ਸੀ, ਪਰ ਉਹਨਾਂ ਦੀ ਮਾਤਾ ਜੀ ਰਾਜਸਥਾਨ ਗਏ ਹੋਏ ਹਨ, ਇਸ ਲਈ ਮਿਲ ਨਹੀਂ ਸਕਿਆ ।

ਮੈਨੂੰ ਉਸਦਾ ਇਹ ਜਵਾਬ ਸੁਣਕੇ ਗੁੱਸਾ ਹੀ ਆ ਗਿਆ ਹੈ ਕਿਉਂਕਿ ਮੈਨੂੰ ਪਤਾ ਹੈ, ਰਾਜਮਾਤਾ ਅਜਕਲ ਜਲੰਧਰ ਦੇ ਹੀ ਹਸਪਤਾਲ ਵਿਚ ਬਿਮਾਰ ਪਏ ਹਨ ਤੇ ਸੋਮਦਤ ਝੂਠ ਬੋਲੀ ਜਾ ਰਿਹਾ ਹੈ।

ਮੈਂ ਵਿਸ਼ਾ ਬਦਲ ਕੇ ਆਖਦਾ ਹਾਂ—'ਮਨ ਕਾ ਮੀਤ' ਵਿਚ ਤੁਹਾਨੂੰ ਏਨਾ ਚੰਗਾ ਬਰੇਕ ਮਿਲਿਆ ਸੀ, ਪਰ ਫਿਰਵੀ ਤੁਸੀਂ ਫਿਲਮਾਂ 'ਚ ਕਿਉਂ ਜੰਮ ਨਹੀਂ ਸਕੇ ?

ਮੇਰੀ ਆਸ ਤੋਂ ਉਲਟ ਉਹ ਬਿਲਕੁਲ ਨਾਰਾਜ਼ ਨਹੀਂ ਹੋਇਆ । ਮੈਨੂੰ ਉਸਦੀ ਇਹ ਗਲ ਚੰਗੀ ਲਗੀ ਹੈ।

ਬਸ ਜੀ, ਕਿਸਮਤ ਨੇ ਸਾਥ ਨਹੀਂ ਦਿਤਾ ।

—ਪਰ ਸੋਮ ਜੀ, ਕਿਸਮਤ ਨੂੰ ਜੇ ਲਈਏ, ਤਾਂ ਤੁਸੀਂ ਬਹੁਤ ਖੁਸ਼ਕਿਸਮਤ ਹੋ, ਤੁਹਾਡੇ ਭਰਾ ਨੇ ਤੁਹਾਨੂੰ ਇਕ ਦਮ ਵਡੀ ਫ਼ਿਲਮ ਦਾ ਹੀਰੋ ਬਣਾ ਦਿਨਾ ਸੀ ।

ਪਰ ਸੋਮਦਤ ਇਸ ਨਾਲ ਹੀ ਸੰਤੁਸ਼ਟ ਨਹੀਂ, ਉਸਦਾ ਖਿਆਲ ਹੈ ਕਿਸਮਤ ਨੇ ਲਗਾਤਾਰ ਉਸਦਾ ਸਾਥ ਨਹੀਂ ਦਿਤਾ । ਕਦੀ ਉਂਗਲ ਫੜਦੀ ਏ ਤੇ ਕਦੀ ਛਡ ਦਿੰਦੀ ਏ ।

ਮੈਂ ਸੁਨੀਲਦੱਤ ਦੀ ਤਾਰੀਫ਼ ਕਰਦਾ ਹਾਂ—ਕਿਵੇਂ ਉਸਨੇ ਬੁਰੀ ਤਰ੍ਹਾਂ ਅਣਡਿਠ ਹੋ ਜਾਣ ਤੋਂ ਬਾਦ ਫਿਰ ਆਪਣੇ ਆਪ ਨੂੰ ਸਭ ਤੋਂ ਅਗੇ ਲਿਆ ਖੜਾ ਕੀਤਾ ਹੈ, ਕਿਵੇਂ ਉਸਨੇ ਲਖਾਂ ਦਾ ਘਾਟਾ ਪੈ ਜਾਣ ਦੇ ਬਾਵਜੂਦ ਦਿਲ ਨਹੀਂ ਛਡਿਆ—

ਪਰ ਸੁਨੀਲ ਦੀ ਤਾਰੀਫ਼ ਸੋਮ ਨੂੰ ਜਰਦੀ ਨਹੀਂ ਜਾਪਦੀ । ਉਹ ਆਖਦਾ ਏ—ਠੀਕ ਏ ਜੀ । ਉਹ ਬਹੁਤ ਵਡੇ ਆਦਮੀ ਹਨ । ਕਦੀ ਅਸੀਂ ਵੀ ਵਡੇ ਬਣਾਂਗੇ ।

ਮੈਂ ਸੋਚਦਾ ਹਾਂ ਸ਼ਾਇਦ ਸੋਮਦੱਤ ਨੂੰ ਕਿਸਮਤ ਤੇ ਨਹੀਂ ਭਰਾ ਤੇ ਬਹੁਤਾ ਸ਼ਿਕਵਾ ਹੈ, ਜਿਹਨੇ ਉਸਨੂੰ 'ਮਨ ਕਾ ਮੀਤ' ਤੋਂ ਬਾਦ ਕੋਈ ਚਾਂਸ ਨਹੀਂ ਦਿਤਾ । ਜਦ ਕਿ ਵਿਨੋਦ ਖੰਨਾ ਨੂੰ ਹਮੇਸ਼ਾਂ ਆਪਣੇ ਨਾਲ ਰਖਿਆ ਹੈ— 'ਰੇਸ਼ਮਾਂ ਔਰ ਸ਼ੇਰਾ' ਤੇ ਹੁਣ 'ਨਹਿਲੇ ਪੇ ਦਹਿਲਾ' ਵਿਚ ਵੀ ।

'ਨਾਨਕ ਨਾਮ ਜਹਾਜ' ਬਾਰੇ ਗਲਾਂ ਕਰਦਾ ਉਹ ਰੁਮਾਂਚਕ ਹੋ ਜਾਂਦਾ ਹੈ—ਉਦੋਂ ਦੀਆਂ ਕੀ ਗਲਾਂ ਨੇ ਜੀ, ਗਡੀਆਂ, ਸਲਾਮਾਂ ਸਭ ਅਗੇ ਪਿਛੇ ਸੀ ।

'ਤੇਰੇ ਰੰਗ ਨਿਆਰੇ' ਤੇ 'ਸ਼ਹੀਦ ਭਗਤ ਸਿੰਘ' ਫਿਲਮਾਂ ਤੇ ਵੀ ਉਸਨੂੰ ਵਡੀਆਂ ਆਸਾਂ ਹਨ ।

ਇਸ ਤਰ੍ਹਾਂ ਭਗਤ ਸਿੰਘ ਨੂੰ ਸਾਕਾਰ ਕਰ ਰਹੇ ਕਲਾਕਾਰ ਨਾਲ ਮਿਲਕੇ ਮੈਂ ਮਾਯੂਸ ਹੋ ਕੇ ਚਲਾ ਆਉਂਦਾ ਹਾਂ ਸੋਚਦਾ ਹਾਂ ਕੀ ਇਹ ਵਪਾਰੀ ਲੋਕ ਭਗਤ ਦੀ ਜਿੰਦਗੀ ਨੂੰ ਪੈਸੇ ਇਕੱਠੇ ਕਰਨ ਲਈ ਵੇਚਣ ਵਿਚ ਸਫਲ ਹੋ ਜਾਣਗੇ ? ਲੋਕ ਇਹਨਾਂ ਨੂੰ ਸਫਲ ਹੋਣ ਦੇਣਗੇ ? ਲੋਕ ਭਗਤ ਸਿੰਘ ਦੀ ਸ਼ਹਾਦਤ ਦੀ ਸਚੀ ਕਹਾਣੀ ਨੂੰ ਓਮੀ ਬੇਦੀ ਦੇ 'ਡਰਾਮੇ' ਦੇ ਰੂਪ ਵਿਚ ਸਵੀਕਾਰ ਕਰ ਲੈਣਗੇ ?

(ਉਪਰੋਕਤ ਤਸਵੀਰ ਵਿੱਚ 'ਸ਼ਹੀਦ ਭਗਤ ਸਿੰਘ' ਫਿਲਮ ਦਾ ਨਾਇਕ ਸੋਮਦੱਤ (ਪ੍ਰਸਿੱਧ ਫਿਲਮ ਅਭਿਨੇਤਾ ਸੁਨੀਲ ਦੱਤ ਦਾ ਭਰਾ); ਫਾਂਸੀ ਦੇ ਤਖਤੇ ਤੇ ਲਟਕਣ ਤੋਂ ਚੰਦ ਮਿੰਟ ਪਹਿਲਾਂ ਦੇ ਭਗਤ ਸਿੰਘ ਦੇ ਭਾਵ ਚਿਤਰਿਤ ਕਰਨ ਦੀ ਇੱਕ ਨਾਕਾਮ ਕੋਸ਼ਿਸ਼ ਕਰ ਰਿਹਾ ਹੈ।)

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5.
PHONE: 438-1304 324-2557

ਸਥਾਈ ਕਾਲਮ

## ਇਸ ਅੰਕ ਦਾ ਨਾਵਲ

(ਨਾਵਲ-ਮੁਲਾਂਕਣ)



'ਇਸ ਅੰਕ ਦਾ ਨਾਵਲ' ਸਥਾਈ-ਕਾਲਮ ਵਿੱਚ ਅਸੀਂ ਥੋੜੀ ਜਿਹੀ ਅਰਸਾ ਸਮੇਂ ਤੋਂ ਹੇਠ ਲਿਖੇ ਨਾਵਲਾਂ ਦੇ ਸਿਖਰ-ਕਾਂਡ ਪਾਠਕਾਂ ਨਾਲ ਸਾਂਝੇ ਕਰ ਚੁੱਕੇ ਹਾਂ:-

ਦੂਰ ਕਿਨਾਰਾ (ਨਾਨਕ ਸਿੰਘ ... ਜੁਲਾਈ 73
ਗੋਲੀ ਚਲਦੀ ਗਈ (ਤ੍ਰਿਲੋਕ ਸਿੰਘ) ... ਅਗਸਤ 73
ਰਾਤ ਬਾਕੀ ਹੈ (ਜਸਵੰਤ ਸਿੰਘ ਕੰਵਲ) ... ਸਤੰਬਰ 73
ਲਹੂ ਮਿੱਟੀ (ਸੰਤ ਸਿੰਘ ਸੇਖੋਂ) ... ਅਕਤੂਬਰ 73
ਅਣਹੋਏ (ਗੁਰਦਿਆਲ ਸਿੰਘ) ... ਦਸੰਬਰ 73
ਸੜਕਾਂ ਤੇ ਕਮਰੇ (ਸੁਖਬੀਰ) ... ਨਵੰਬਰ 73
ਅੱਧੀ ਰਾਤ, ਪਹਿਰ ਦਾ ਤੜਕਾ (ਬੂਟਾ ਸਿੰਘ ਸ਼ਾਦ) ... ਜਨਵਰੀ 74
ਵਾਟ ਹਮਾਰੀ (ਦਲੀਪ ਕੌਰ ਟਿਵਾਣਾ) ... ਫਰਵਰੀ 74

ਇਸ ਵਾਰ ਪ੍ਰਸਿੱਧ ਫਿਲਮੀ ਲੇਖਕ, ਨਿਰਮਾਤਾ ਤੇ ਨਾਵਲਕਾਰ ਰਾਜਿੰਦਰ ਸਿੰਘ ਬੇਦੀ ਦੇ ਨਾਵਲ 'ਇਕ ਚਾਦਰ ਅੱਧੋਰਾਣੀ' ਦਾ ਸਿਖਰ-ਕਾਂਡ (ਨੰ: 10) ਪੇਸ਼ ਹੈ।

ਨਾਵਲ ਪੰਜਾਬੀ ਦੇ ਸਰਵੋਤਮ ਨਾਵਲਾਂ 'ਚ ਗਿਣਿਆ ਗਿਆ ਹੈ ਤੇ ਸਾਹਿੱਤ ਅਕਾਦਮੀ ਦੇ ਪੁਰਸਕਾਰ ਨਾਲ ਸਨਮਾਨਿਆ ਜਾ ਚੁੱਕਾ ਹੈ। ਨਾਵਲ ਵਿੱਚ ਪੰਜਾਬ ਦੀ ਭਰਪੂਰ ਜ਼ਿੰਦਗੀ ਦਾ ਚਿਤਰ ਹੈ ਜਿਸਦਾ ਚੌਖਟਾ ਤੇ ਖੁੱਲ੍ਹਾ-ਡੁੱਲ੍ਹਾ ਜੀਵਨ ਅਧ-ਸੜੀਆਂ ਸਮਾਜਕ ਵਲਗਣਾਂ ਦਾ ਸ਼ਿਕਾਰ ਹੈ। ਜ਼ਾਹਰਾ ਤੌਰ ਤੇ ਨਾਵਲ ਵਿੱਚ ਕਾਰਜ (ACTION) ਬਹੁਤ ਘੱਟ ਵਾਪਰਦਾ ਹੈ ਤੇ ਮਨੋਵਿਗਿਆਨਕ-ਛੋਹਾਂ ਵਧੇਰੇ ਹਨ! ਪਿੰਡ ਦੇ ਪਤਵੰਤਿਆਂ ਦੇ ਕੁਕਰਮਾਂ ਤੋਂ ਪਰਦੇ ਲਾਹੁੰਦਾ ਅਤੇ ਗਰੀਬ ਮਿਹਨਤੀ ਨਵਯੁਵਕ ਤਾਂਗੇ ਵਾਲੇ ਮੰਗਲ ਤੇ 'ਅੱਧੋਰਾਣੀ ਚਾਦਰ' ਨਾਲ ਬੰਨੀ, ਆਪਣੀ 'ਭਾਬੀ' ਤੇ 'ਪਤਨੀ' ਰਾਣੋ ਦੀ ਮਨੋ-ਦਸ਼ਾ ਬਿਆਨਦਾ ਨਾਵਲ, ਕਸ਼ਮਕਸ਼ ਤੇ ਕਸ਼ਿਸ਼ ਵਿੱਚੋਂ ਬੰਨ੍ਹ ਪਾਠਕ ਨੂੰ ਆਪਣੇ ਨਾਲ ਲੈ ਤੁਰਦਾ ਹੈ। ਬੇ-ਮੰਜ਼ਲੇ ਪਾਤਰ ਮੰਜ਼ਲਾਂ ਢੂੰਡਦੇ ਤੇ ਇੱਕ ਦੂਜੇ ਨਾਲ ਟਕਰਾਉਂਦੇ, ਨਾਵਲ ਨੂੰ ਖ਼ੂਬਸੂਰਤ ਬਣਾਉਂਦੇ ਹਨ। ਦਿੱਤੇ ਗਏ ਕਾਂਡ ਵਿੱਚ ਮੰਗਲ, ਆਪਣੀ ਮਾਂ ਵਰਗੀ 'ਭਾਬੀ' ਰਾਣੋ ਨਾਲ 'ਪਤਨੀ' ਦਾ ਰਿਸ਼ਤਾ ਸਥਾਪਤ ਕਰਨ ਦੇ "ਗੁੱਝੀ ਸ਼ਰਮ, ਫ਼ਿਕਰ ਤੇ ਪੀੜ" ਭਰੇ ਪਲਾਂ 'ਚੋਂ ਗੁਜ਼ਰਦਾ ਹੈ!

(ਸੰਪਾਦਕ)

# ਇੱਕ ਚਾਦਰ ਅੱਧੋਰਾਣੀ

(ਰਾਜਿੰਦਰ ਸਿੰਘ ਬੇਦੀ)

## ਕਾਂਡ 10.

**ਅੱਜ** ਸੂਰਜ ਨੇ ਖਿਲਰੇ ਪੁਲਰੇ ਬੱਦਲਾਂ ਹੇਠਾਂ ਆਪਣਾ ਮੂੰਹ ਛਿਪਾ ਲਿਆ ਸੀ। ਅੱਜ ਅਸਮਾਨ ਦੇ ਕੋਟਲੇ ਵਿਚ ਕੋਈ ਗ਼ਰੀਬ ਤੇ ਨਾਦਾਰ ਆਪਣੀ ਮਿਹਨਤ ਤੋਂ ਸ਼ਰਮਸਾਰ, ਰੋਂਦਾ ਕਰਿੱਝਦਾ ਆਪਣੀ ਪਾਟੀ ਪੁਰਾਣੀ ਚਾਦਰ ਤਾਣ ਕੇ ਸੌਂ ਗਿਆ ਸੀ।

ਹਵਾਵਾਂ ਵਗਣ ਲੱਗੀਆਂ ਜਿਨ੍ਹਾਂ ਦੇ ਮੋਢਿਆਂ ਉਤੇ ਲਹਿਰਾਉਂਦੇ ਹੋਣ ਕਿਤੇ ਲੋਬ-ਨੋਰ, ਅਤ ਕੋਕ-ਨੋਰ, ਅਤੇ ਪਾਮੀਰ ਅਤੇ ਸੁਲੇਮਾਨ ਪਰਬਤਾਂ ਵਲੋਂ ਨਿੱਕੇ ਨਿੱਕੇ ਚਿੱਟੇ-ਦੁੱਧ ਪੰਛੀ ਆਉਣ ਲਗ ਪਏ। ਇੰਜ ਲਗ ਰਿਹਾ ਸੀ ਜਿਵੇਂ ਦੂਰ, ਹਜ਼ਾਰਾਂ ਫ਼ੁਰਸੰਗਾਂ ਦੂਰ ਕਿਤੇ ਖੇਡਦੇ ਬੱਚਿਆਂ ਨੇ ਕਾਗ਼ਜ਼ੀ ਕਿਸ਼ਤੀਆਂ ਸਮੇਂ ਦੇ ਧਾਰੇ ਤੇ ਛਡ ਦਿਤੀਆਂ ਸਨ ਜਾਂ ਵੈਸ਼ਨੋ ਦੇਵੀ ਛੋਟੀਆਂ ਛੋਟੀਆਂ ਥਾਲੀਆਂ ਵਿਚ ਉਹ ਸਾਰੇ ਫੁੱਲ ਮੋੜ ਰਹੀ ਸੀ ਜੋ ਬੀਤੀਆਂ ਸਦੀਆਂ ਵਿਚ ਯਾਤਰੀਆਂ ਨੇ ਢੋਲਕੀਆਂ ਅਤੇ ਛੈਣੇ ਵਜਾ ਵਜਾ ਕੇ, ਅੰਬਾ ਦੇਵੀ ਦੀ ਉਸਤਤੀ ਗਾ ਗਾ ਕੇ ਉਹਦੇ ਚਰਨਾਂ ਵਿਚ ਅਰਪਨ ਕੀਤੇ ਸਨ।

ਰਾਤ ਦਿਨ ਅਣਸਾਵੇਂ ਹੋ ਰਹੇ ਸਨ। ਰਾਤਾਂ ਦਿਨਾਂ ਤੇ ਭਾਰੂ ਹੋਣ ਲਗ ਪਈਆਂ। ਹਾਰਿਆ ਹੋਇਆ ਸੂਰਜ ਰਾਤ ਦੇ ਸਾਹਮਣੇ ਸ਼ਰਮਾਇਆ ਅਤੇ ਬੱਦਲਾਂ ਦੇ ਪਰਦੇ ਵਿਚੋਂ ਮੂੰਹ ਕੱਢ ਕੇ ਆਪਣੀ ਧਰਤੀ ਵੱਲ ਵੇਖ ਕੇ ਮੁਸਕ੍ਰਾਉਣ ਲਗਾ। ਬੱਸ, ਇਸ ਮੁਸਕ੍ਰਾਹਟ ਦੀ ਦੇਰ ਸੀ ਕਿ ਤਿੱਤਰ ਦੇ ਪਰਾਂ ਤੇ ਰੰਗ ਖਿੱਲਰ ਗਿਆ। ਦੁੱਰਾਜ ਅਤੇ ਸਾਰ ਦੀ

IMPORTERS EXPORTERS WHOLESALERS RETAILERS
ROKKO SAREES & FABRICS
OWNED AND OPERATED BY B.S. KHURANA AND SONS AND GRANDSONS
6201 FRASER ST., (At 46th Ave.) VANCOUVER-15, B.C., CANADA.
PHONE: 327-3033

ਚਾਲ ਵਿਚ ਨਵੇਂ ਅੰਦਾਜ਼ ਚਲੇ ਆਏ ਅਤੇ ਨਿੰਮ ਦੀ ਨਾਜ਼ਕ ਜਿਹੀ ਟਾਹਣੀ ਉਤੇ ਝੂਲਦੀ ਤੇ ਭਾਰ ਸਾਵਾਂ ਕਰਦੀ ਹੋਈ ਕਾਲ-ਕਲੀਚੀ ਦੇ ਗਲ 'ਚੋਂ ਇਕ ਸੁਹਣੀ ਤੇ ਸੁਰੀਲੀ ਲੈਅ ਸੁਤੇ ਸਿਧ ਫੁੱਟ ਨਿਕਲੀ। ਸੂਰਜ ਨੇ ਨਾ ਸਿਰਫ਼ ਜਾਮਣੂ, ਧਰੇਕ ਅਤੇ ਪਿੱਪਲ ਦੇ ਪੱਤਿਆਂ ਨਾਲ ਹੀ ਮਨ ਮਨੌਤੀ ਕਰ ਲਈ ਸਗੋਂ ਕਿੱਕਰ ਅਤੇ ਕੁਆਰ ਗੰਦਲ ਦੇ ਪਿੰਡੇ ਤੇ ਉੱਗੇ ਕੰਡਿਆਂ ਨੂੰ ਵੀ ਆਪਣਾ ਕਿਹਾ ਅਤੇ ਧਰਤੀ ਦੇ ਹੰਝੂ ਚੁੰਮ ਚੁੰਮ ਲਏ।

ਜੱਟਾਂ ਨੇ ਕਿਤੇ ਹੰਝੂਆਂ ਭਰੀ ਧਰਤੀ ਦੇ ਹੋਠਾਂ ਵਿਚ ਦਬੀ ਹੋਈ ਹਾਸੀ ਵੇਖ ਲਈ ਤੇ ਬਾਵਰੇ ਹੋ ਕੇ ਆਪਣੇ ਹਲ ਹਨਾੜੀਆਂ ਕਢ ਲਈਆਂ ਅਤੇ ਇਸ ਮਸਤ-ਅਲਮਸਤ ਵਹਾਈ ਬਿਜਾਈ ਨੂੰ ਸਉਣੀ ਦਾ ਨਾਂ ਦੇ ਦਿਤਾ। ਛੋਟੇ ਛੋਟੇ ਬੱਚੇ ਵੀ ਤੂਤਾਂ ਦੀਆਂ ਕੱਚੀਆਂ ਕੁਆਰੀਆਂ ਤੇ ਲੈਰੀਆਂ ਲਗਰਾਂ ਭੰਨ ਲਿਆਏ ਤੇ ਉਹਨਾਂ ਦੀਆਂ ਕਮਾਨਾਂ ਬਣਾ, ਉਹਨਾਂ ਤੇ ਚਿੱਲੇ ਚੜ੍ਹਾ, ਇਧਰ ਉਧਰ ਬੇਥਵ੍ਹੇ ਜਿਹੇ ਤੀਰ ਚਲਾਉਣ ਲਗ ਪਏ। ਮਸੀਤ ਵਿਚ ਮੁੱਲਾਣਿਆਂ ਅਤੇ ਮੰਦਰ ਵਿਚ ਪੰਡਤਾਂ ਨੇ ਸੱਧਰਾਂ ਦੇ ਅਸ੍ਵਮੇਧ ਦੇ ਘੋੜੇ ਛਡ ਦਿਤੇ ਤੇ ਸਾਰੀ ਕੁਦਰਤ ਇਕ ਲਗਾਤਾਰ, ਨਾ ਮੁੱਕਣ ਵਾਲੇ ਅੰਨ੍ਹੇ ਭੋਗ ਬਿਲਾਸ ਵਿਚ ਜੁੱਟ ਗਈ......

ਮੰਗਲ ਨੇ ਸਾਜ਼ ਕਢਿਆ ਅਤੇ ਉਸ ਉਤੇ ਕਲਗ਼ੀ ਸਜਾਈ। ਰਾਣੋ ਨੇ ਤੰਦੂਰ ਤੇ ਪਿਆ ਦਾਬੜਾ ਚੁੱਕ ਲਿਆ ਅਤੇ ਸਲ੍ਹਾਬੇ ਤੰਦੂਰ ਵਿਚ ਢੇਰ ਸਾਰੀਆਂ ਮਨ-ਛਿਟੀਆਂ ਅਤੇ ਸਣ ਦੀਆਂ ਤੀਲਾਂ ਝੋਕ ਦਿਤੀਆਂ। ਰਾਤ ਵਾਲੀ ਆਮਦਨੀ 'ਚੋਂ ਇਕ ਰੁਪਿਆ ਵੱਡੀ ਨੂੰ ਦੇ ਕੇ ਕਿਹਾ, ਕਿ ਉਹ ਜਾ ਕੇ ਜੱਟਾਂ ਦੇ ਘਰੋਂ 'ਨਖ਼ਾਲਸ' ਘਿਉ ਜੁਖਾ ਲਿਆਵੇ ਮਦਰੱਸੇ ਵਿਚ ਦੋਨਾਂ ਵੱਡਿਆਂ ਬੱਚਿਆਂ ਦੇ ਛਿਮਾਹੀ ਇਮਤਿਹਾਨ ਹੋ ਰਹੇ ਸਨ, ਇਸ ਲਈ ਸਭ ਤੋਂ ਛੋਟਾ ਚੁਮ੍ਹੂ, ਜੇਹਲਮ ਅਰਾਇਣ ਦੇ ਘਰੋਂ ਮੂਲੀਆਂ ਤੇ ਆਲੂ ਲੈਣ ਲਈ ਚਲਿਆ ਗਿਆ। ਸਲਾਮਤੀ ਸਿਰ ਦੁਆਲੇ ਦੁਪੱਟਾ ਬੰਨ੍ਹੀਂ ਅਤੇ ਪੁੜ-ਪੁੜੀਆਂ ਉਤੇ ਆਟੇ ਦੀਆਂ ਚਿੜੀਆਂ ਲਾਈ ਬੈਠੀ ਸੀ।

ਚੁਮ੍ਹੂ ਨੂੰ ਮੂਲੀਆਂ ਤੇ ਆਲੂ ਲੈਂਦਿਆਂ ਤੱਕ ਕੇ ਉਹਨੇ ਪੁੱਛਿਆ, "ਕੀ ਗੱਲ ਈ ਚੁੰਮਿਆਂ, ਅਜ ਤੁਹਾਡੇ ਆਲੂਆਂ ਤੇ ਮੂਲੀਆਂ ਦੀਆਂ ਰੋਟੀਆਂ ਪੱਕ ਰਹੀਆਂ ਨੇ ?"

"ਰੋਟੀਆਂ ਨਈ ਪਰੌਂਠੇ" ਚੁਮ੍ਹੂ ਨੇ ਮਾਣ ਨਾਲ ਤਣ ਕੇ ਕਿਹਾ, "ਮਾਂ ਨੇ ਤੰਦੂਰ ਤਾਇਆ ਏ ਨਾ।"

"ਹਾਇਆ ਵੇ" ਜੇਹਲਮੇ ਕਹਿਣ ਲੱਗੀ, "ਤੇਰੀ ਮਾਂ ਨੇ ਤੰਦੂਰ ਤਾਇਆ ਏ ?"

"ਹਾਂ" ਚੁਮ੍ਹੂ ਨੇ ਜ਼ੋਰ ਨਾਲ ਸਿਰ ਮਾਰ ਦਿਤਾ। "ਤੂੰ ਵੀ ਪਰੌਂਠੇ ਲਵਾਉਣੇ ਆਂ, ਤਾਂ ਆ ਜਾ, ਨਹੀਂ ਤਾਂ ਸਲਾਮਤੀ ਨੂੰ ਘਲ ਦੇ।"

ਫਿਰ ਉਹ ਸਬਜ਼ੀ ਲੈ ਕੇ ਮੁੜ ਗਿਆ ਅਤੇ ਪਿਛੋਂ ਜੇਹਲਮ, ਅਨਾਇਤੀ ਅਤੇ ਆਇਸ਼ਾਂ ਹੱਸਦੀਆਂ ਰਹੀਆਂ। ਸਲਾਮਤੀ ਹਾਜ਼ਮਾਂ ਖ਼ਰਾਬ ਹੋਣ ਕਾਰਨ ਸੜੀ ਭੁੱਜੀ ਚੁਮ੍ਹੂ ਨੂੰ ਜਾਂਦੇ ਦੇਖਦੀ ਰਹੀ।

ਪੱਕਦੇ ਪਰੌਂਠਿਆਂ ਦੀ ਖ਼ੁਸ਼ਬੂ ਫੈਲ ਰਹੀ ਸੀ ਅਤੇ ਅੰਦਰ ਬੈਠੇ ਹਜ਼ੂਰ ਸਿੰਘ ਅਤੇ ਜਿੰਦਾਂ ਨੂੰ ਲਲਚਾ ਰਹੀ ਸੀ। ਹਜ਼ੂਰ ਸਿੰਘ ਤੋਂ ਨਾ ਰਿਹਾ ਗਿਆ ਅਤੇ ਅੰਦਰੋਂ ਆਵਾਜ਼ ਮਾਰ ਕੇ ਕਹਿਣ ਲੱਗਾ, "ਜ਼ਰਾ ਧੀਏ ਨਰਮ ਲਾਈਂ ਪਰੌਂਠੇ......ਮੇਰੇ ਦੰਦ ਕੰਮ ਨਹੀਂ ਕਰਦੇ ਹੁਣ।" ਅਤੇ ਫਿਰ ਜਿੰਦਾਂ ਵੀ ਨਾ ਰਹਿ ਸਕੀ, "ਵੇਖੋ ਨਾ, ਹਰ ਵੇਲੇ ਇਹਨੂੰ ਝੁਲਕੇ ਦੀ ਪਈ ਰਹਿੰਦੀ ਏ।"

ਰਾਣੋ ਨੇ ਲੁਸ ਲੁਸ ਕਰਦੇ ਪਰੌਂਠੇ ਨਵੇਂ ਸਾਫ਼ ਸੁੱਥਰੇ ਪੋਣੇ ਵਿਚ ਬੰਨ੍ਹ ਕੇ ਮੰਗਲ ਨੂੰ ਫੜਾ ਦਿਤੇ। ਮੰਗਲ ਨੇ ਖ਼ੁਮਾਰੀਆਂ ਅੱਖਾਂ ਨਾਲ ਰਾਣੋ ਨੂੰ ਵੇਖਿਆ ਅਤੇ ਫਿਰ ਵਿਹੜੇ ਵਲ ਇਸ਼ਾਰਾ ਕਰ ਕੇ ਕਹਿਣ ਲੱਗਾ, "ਬਹੁਤ ਮਿਹਨਤ ਕਰਨੀ ਪਵੇਗੀ ?"

ਰਾਣੋ ਨੇ ਹੇਠਾਂ ਵੇਖਦਿਆਂ ਕਿਹਾ, "ਹਾਂ।" ਅਤੇ ਫਿਰ ਸੰਗਾਵੀਂ ਨਜ਼ਰ ਨਾਲ ਮੰਗਲ ਨੂੰ ਤੱਕ ਕੇ ਬੋਲੀ, "ਅਸੀਂ ਤੀਵੀਂਆਂ ਹੋਰ ਬਣੀਆਂ ਹੀ ਕਾਹਦੇ ਵਾਸਤੇ ਆਂ ?"

ਮੰਗਲ ਨਸੀਬਾਂ ਵਾਲੇ ਅੱਡੇ ਲਈ ਤੁਰਨ ਹੀ ਵਾਲਾ ਸੀ ਕਿ ਰਾਣੋ ਨੂੰ ਕੋਈ ਗੱਲ ਯਾਦ ਆ ਗਈ ਅਤੇ ਉਹ ਝਟ ਬੋਲ ਪਈ, "ਠਹਿਰੀਂ।"

ਮੰਗਲ ਉਥੇ ਹੀ ਖਲੋ ਗਿਆ। ਰਾਣੀ ਦੌੜਦੀ ਹੋਈ ਉਹਦੇ ਲਾਗੇ ਆ ਖਲੋਤੀ; ਅਤੇ ਫਿਰ ਨਿਰਸੰਕੋਚ ਕਹਿ ਉਠੀ, "ਮੈਨੂੰ ਦੋ ਸਲਵਾਰਾਂ ਦਾ ਕਪੜਾ ਤਾਂ ਲਿਆ ਦੇਈਂ, ਤਿਹਾਰ ਆ ਰਹੇ ਆ।"

ਮੰਗਲ ਨੇ ਅਜੇ ਉੱਤਰ ਵੀ ਨਹੀਂ ਸੀ ਦਿਤਾ ਕਿ ਰਾਣੋ ਆਪਣੇ ਸਰੀਰ ਦੇ ਉਪਰ ਵਲ ਸੈਣਤ ਕਰਦੀ ਹੋਈ ਬੋਲੀ, ਸਾਰੀਆਂ ਕੋਲ ਇਹ ਹੈ, ਮੇਰੇ ਕੋਲ ਈ ਨਹੀਂ।" ਫਿਰ ਉਪਰ ਦੇਖਦਿਆਂ ਰਾਣੋ ਨਾ ਸਿਰਫ਼ ਮੁਸਕਰਾ ਹੀ ਪਈ, ਸਗੋਂ ਸੁੱਕੀ ਮਕੱਈ ਦੇ ਫੁੱਲਿਆਂ ਵਾਂਗ ਖਿੜ ਖਿੜਾ ਕੇ ਹੱਸ ਪਈ। ਮੰਗਲ ਨੇ ਵੀ ਮੁਸਕ੍ਰਾਉਂਦਿਆਂ ਕਹਿ ਦਿਤਾ, "ਚੰਗਾ, ਵੇਖਾਂਗਾ।"

"ਵੇਖਾ ਦਾਖਾਂਗਾ ਨਹੀਂ" ......ਰਾਣੋ ਨੂੰ ਖਹਿੜੇ ਪੈਣ ਵਿਚ ਕੋਈ ਝਿਜਕ ਨਹੀਂ ਸੀ ਰਹੀ।

ਮੈਂ ਕੀ ਸਾਰਿਆਂ ਸਾਹਮਣੇ ਬਿਨਾਂ ਸੁਥਣ ਦੇ ਫਿਰਾਂਗੀ ?" ਫਿਰ ਰੁਕ ਕੇ ਬੋਲੀ, "ਮੇਰਾ ਤਾਂ ਕੁਝ ਨਹੀਂ ਜਾਂਦਾ — "

ਮੰਗਲ ਨੇ ਇਕ ਦਮ ਆਪਣੇ ਆਪ ਸਿਰ ਹਿਲਾ ਦਿਤਾ, ਜਿਵੇਂ ਉਹ ਆਪਣੇ ਹੱਕ ਨੂੰ ਕਿਸੇ ਦੂਜੇ ਨਾਲ ਖ਼ਲਤ-ਮਲਤ ਨਾ ਕਰਨਾ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557



FOR ANY KIND OF

# INSURANCE

Life, Accident, Sickness,
Mortgage & Children

CONTACT

## RUPINDER S. AZAD
M.A., B.Ed.

OF

**SEA BOARD LIFE INSURANCE COMPANY**

Head Office: 1900 — W. Broadway, Vancouver, B.C.

Office: 736-7431 Res.: 325-9077

ਚਾਹੁੰਦਾ ਹੋਵੇ......ਅਤੇ ਰਾਣੋ ਖੁੱਲ੍ਹਾਂ ਨੂੰ ਵੱਟਦੀ ਹੋਈ ਬੋਲੀ, "ਰੰਨੋ ਨੂੰ ਉਹਦੇ ਘਰ ਵਾਲੇ ਨੇ ਕਾਲੇ ਸੂਫ ਦਾ ਸੂਟ ਸੁਆ ਦਿਤਾ ਏ। ਉਹਦੇ ਗੋਰੇ-ਗੋਰੇ ਪਿੰਡੇ ਤੇ ਕਿੰਨਾ ਚੰਗਾ ਲਗਦਾ ਏ, ਕਾਲਾ ਕਾਲਾ, ਕੂਲਾ ਕੂਲਾ ਸੂਫ!" ਮੰਗਲ ਸੋਚਣ ਲੱਗਾ।

ਰਾਣੋ ਨੇ ਹੋਰ ਅਗੇ ਹੋ ਕੇ ਮੰਗਲ ਦੇ ਤਰੀਜ਼ਦਾਰ ਕੁੜਤੇ ਦੀ ਕੰਨੀ ਫੜ ਲਈ ਤੇ ਆਖਿਆ, "ਤੂੰ ਅੱਜ ਫੇਰ ਕੋਈ ਪਸਰੂਰ, ਪੱਸਰੂਰ ਨਹੀਂ ਤਾਂ ਗੁਜਰਾਂਵਾਲੇ, ਨਹੀਂ ਤਾਂ ਸਿਆਲਕੋਟ, ਸੱਭਰਿਆਲ ਦੀਆਂ ਸੁਆਰੀਆਂ ਲਭ ਲਈਂ, ਨਿਆਣੇ ਵੀ ਕਮੀਜ਼ਾਂ ਮੰਗਦੇ ਆ,"

ਮੰਗਲ ਇਕ ਦਮ ਫਰਮਾਇਸ਼ਾਂ ਦੇ ਮਿੱਠੇ-ਕੌੜੇ ਢੇਰ ਹੇਠਾਂ ਦਬਿਆ ਗਿਆ। ਸਾਜ਼ ਵਿਚੋਂ ਕਲਗੀ ਢਹਿ ਪਈ, ਜਿਸ ਨੂੰ ਚੁੱਕਦਿਆਂ ਤੇ ਮੁੜ ਥਾਂ ਸਿਰ ਲਾਉਂਦਿਆਂ ਉਹਨੇ ਰਾਣੀ ਵਲ ਵੇਖਿਆ, ਜੋ ਹੁਣ ਤਕ ਉਹਦੇ ਕੁੜਤੇ ਦੀ ਕੰਨੀ ਫੜੀ ਖਲੋਤੀ ਸੀ . ਜਿਵੇਂ ਮੰਗਲ ਉਹਦਾ ਚੋਰ ਸੀ, ਜਿਵੇਂ ਰਾਣੋ ਦਾ ਕੋਈ ਕਰਜ਼ਾ ਮੰਗਲ ਨੇ ਦੇਣਾ ਸੀ।

"ਹਛਾ ਬਾਬਾ, ਹਛਾ ....." ਮੰਗਲ ਨੇ ਆਪਣਾ ਪੱਲਾ ਛੁਡਾਇਆ ਤੇ ਤੁਰ ਗਿਆ। ਰਾਣੀ ਅਲਸਾਈ ਜਿਹੀ ਖੜੀ, ਚੌਖਟ ਵਿਚ ਜੜੀ ਸਦਾ ਵਾਂਗ 'ਉਹਨੂੰ' ਜਾਂਦੇ ਨੂੰ ਵੇਖਦੀ ਰਹੀ — ਉਹਦਾ ਮਰਦ ਪੂਰਨਤਾ ਅਤੇ ਆਗਿਆ ਪਾਲਣ ਦੀ ਇਕ ਰਾਤ ਅਤੇ ਅੱਧੇ ਦਿਨ ਨੇ ਹੀ ਜਿਸ ਦੀ ਉਮਰ ਵਿਚ ਦਿਨਾਂ, ਮਹੀਨਿਆਂ ਅਤੇ ਵਰ੍ਹਿਆਂ ਦਾ ਵਾਧਾ ਕਰ ਦਿਤਾ ਸੀ। ਫਿਰ ਰਾਣੀ ਉਹਦੀ ਪਿੱਠ ਨਿਹਾਰਦਿਆਂ ਇਕ ਦਮ ਠਿਠਕ ਗਈ — ਤਲੋਕਾ! ... ..ਨਹੀਂ ਮੰਗਲ .. ਮੰਗਲ! ... ਪਰ ਇਹ ਉਹ ਮੰਗਲ ਤਾਂ ਨਹੀਂ ਸੀ, ਜਿਸ ਨੂੰ ਰਾਣੋ ਨੇ ਉਸ ਦਿਨ ਵੇਖਿਆ ਸੀ — ਜਦੋਂ ਰੰਨੋ ਨੇ ਚਾਦਰ ਪਾਉਣ ਦੀ ਗੱਲ ਤੋਰੀ ਸੀ ਅਤੇ ਜਦੋਂ ਉਹਨੂੰ ਆਪਣੇ ਰਉਂ ਵਿਚ ਵਾਰਸ ਦੀ ਹੀਰ ਦੇ ਬੋਲ ਗਾਉਂਦਿਆਂ ਹੋਇਆਂ ਗਲੀ ਦੇ ਮੋੜ ਨੇ ਲੁਕੋ ਲਿਆ ਸੀ। ਅੱਜ ਉਹ ਚੁੱਪ ਸੀ ਤੇ ਉਹਦੇ ਚੌੜੇ ਮੋਢੇ ਪਿਆਰ ਦੇ ਬੋਝ ਹੇਠਾਂ ਦੱਬ ਗਏ ਸਨ, ਜਿਸ ਦੇ ਕਾਰਨ ਉਹ ਆਪ ਹੀ ਆਪਣਾ ਵੱਡਾ ਭਰਾ ਜਾਪ ਰਿਹਾ ਸੀ।

ਅੱਜ ਉਹ ਜਾ ਰਿਹਾ ਸੀ ਤੇ ਗਲੀ ਦਾ ਮੋੜ, ਜਿਵੇਂ ਪਰ੍ਹੇ ਹੋ ਗਏ ਸਨ। ਅਤੇ ਪਿੰਡੋਂ ਬਾਹਰ ਦੇ ਰਾਹ-ਖਹਿੜੇ ਇਕ ਦੂਜੇ ਵਿਚ ਖੱਪ ਗਏ ਸਨ। ਇਹ ਉਲਝਦੇ ਸੁਲਝਦੇ ਰਾਹ ਕਿਧਰੇ ਵੀ ਜਾਂਦੇ ਹਣ, ਪਰ ਇਕ ਗਲ ਇਹਨਾਂ ਬਾਰੇ ਪੱਕੀ ਸੀ ਕਿ ਉਹਨਾਂ ਦੀ ਉੱਡਦੀ ਹੋਈ ਧੂੜ ਤੇ ਗਰਦ, ਚਿੱਕੜ ਤੇ ਹੋਰ ਗੰਦ-ਮੰਦ ਵਿਚ, ਹਰ ਮੰਗਲ ਦਾ ਲਹੂ ਤੇ ਪਸੀਨਾ ਰਚਿਆ ਹੋਇਆ ਸੀ। ਫਿਰ ਇਹਨਾਂ ਰਾਹਾਂ ਦੇ ਗੋਰਖ-ਧੰਦੇ ਵਿਚ ਇਕ ਰਾਹ ਐਸਾ ਜ਼ਰੂਰ ਸੀ, ਜੋ ਹਰ ਪੁਰਸ਼ ਅਤੇ ਪਸ਼ੂ ਨੂੰ ਸੰਧਿਆ ਹੋਣ ਮਾਰ ਘਰ ਵਲ ਮੋੜ ਲਿਆਉਂਦਾ ਸੀ।

ਬਾਕੀ ਸਫਾ 53 ਤੇ

JAPAN ← ENGLAND
IMPORTS → INDIA

Continental Cloth House
6576 Main St.,
Vancouver 15, B.C.
Importer, Retailer & Wholesaler
Phone: 321-0847

ਕੌਨਟੀਨੈਂਟਲ ਕਲਾਥ ਹਾਊਸ
6576 ਮੇਨ ਸਟਰੀਟ ( 49 ਐਵੀਨਿਊ)
ਵੈਨਕੋਵਰ -15, ਬੀ ਸੀ
ਦੁਕਾਨ (321-0847), ਘਰ (325-8342)

COMPARE
OUR PRICES & QUALITY
of

SAREES, SUIT - PIECES, BRITISH SHIRTS,
KNIT WEAR, CHILDREN'S WEAR,
FABRICS and QUILTS ETC.

*HIGH QUALITY EMBROIDERED WEDDINC*
*SAREES AND SUITS*
*IS OUR SPECIALTY*

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY,
VANCOUVER, B.C.,
CANADA. V5R 5L5-
PHONE:
438-1304
324-2557

ਸਦਾਈ ਕਾਲਮ

## ਸੰਜੀਵਨੀ ਬੂਟੀ

(ਹਾਸ ਰਸ)

ਇਸ ਕਾਲਮ ਵਿੱਚ ਪਾਠਕ ਹੁਣ ਤੱਕ ਸ:ਸ: ਰਤਨ ਸਿੰਘ ਸ਼ੌਕ, ਭਾਈਆ ਈਸ਼ਰ ਸਿੰਘ, ਪਿਆਰਾ ਸਿੰਘ ਦਾਤਾ, ਗੁਰਨਾਮ ਸਿੰਘ ਤੀਰ, ਦਲੀਪ ਸਿੰਘ ਭੂਪਾਲ, ਨਾਥ, ਮਨੋਹਰ ਸਿੰਘ, ਕਨ੍ਹੱਈਆ ਲਾਲ ਕਪੂਰ, ਸੂਬਾ ਸਿੰਘ ਤੇ ਪਾਂਧੀ ਨਨਕਾਣਵੀ ਦੀਆਂ ਹਾਸ-ਰਚਨਾਵਾਂ ਮਾਣ ਚੁੱਕੇ ਹਨ।

ਪਿਛਲੇ ਦਿਨੇ 'ਵਤਨੋਂ ਦੂਰ' ਦੇ ਸਹਿਯੋਗੀ-ਸ: ਅਮਰ ਸਿੰਘ ਭੂਪਾਲ - ਰਾਹੀਂ ਅਸੀਂ ਉਨ੍ਹਾਂ ਦੇ ਚਾਚਾ ਜੀ ਤੇ ਪ੍ਰਸਿੱਧ ਹਾਸ-ਲੇਖਕ ਦਲੀਪ ਸਿੰਘ ਭੂਪਾਲ ਹੋਰਾਂ ਨਾਲ ਸੰਪਰਕ ਕਾਇਮ ਕਰਨ ਵਿੱਚ ਸਫਲ ਹੋ ਗਏ। ਉਨ੍ਹਾਂ ਨੇ 2.8.73 ਨੂੰ ਲਿਖੇ ਆਪਣੇ ਖ਼ਤ ਵਿੱਚ ਆਪਣਾ ਪ੍ਰਤੀਕਰਮ ਇਉਂ ਲਿਖਿਆ :-

'ਤੁਹਾਡਾ ਪੱਤ੍ਰ ਮਿਤੀ 13.7.73 ਤੇ ਮੁਅੱਜ਼ਜ਼ ਰਿਸਾਲਾ, 'ਵਤਨੋਂ ਦੂਰ,' ਅੱਜ ਅਚਾਨਕ ਪੁੱਜੇ ਤਾਂ ਮੈਂ ਕਈ ਚਿਰ ਖ਼ੁਸ਼ੀਆਂ ਦੇ ਸਮੁੰਦਰ 'ਚ ਟੁੱਭੀਆਂ ਮਾਰਦਾ ਰਿਹਾ। ਦੋਹਾਂ ਨੂੰ ਵਾਰੀ ਵਾਰੀ ਪੜ੍ਹਿਆ ਤਾਂ ਧਰਨ ਹਿੱਲ ਗਈ, ਖ਼ੁਸ਼ੀ ਨਾਲ। ... ਮੈਂ ਤੁਹਾਡੇ ਲਈ ਸਿੱਠਾਂ ਤੱਕ ਜ਼ੋਰ ਲਾ ਦੇਵਾਂਗਾ।

ਟੱਬੀ = 3 ਲੇਖ (ਦਲੀਪ ਸਿੰਘ ਭੂਪਾਲ, ਫ਼ੀਰੋਜ਼ਪੁਰ)

ਉਨ੍ਹਾਂ ਦੇ ਤਿੰਨੇ ਲੇਖ ਅਸੀਂ ਭਾਰਤ ਨੂੰ ਕੰਪੋਜ਼ ਕਰਨ ਲਈ ਭੇਜਣ ਦਾ ਪੰਗਾ ਲੈ ਬੈਠੇ। ਅੱਗੋਂ ਪੰਜਾਬ ਦੀ ਇਕ ਪ੍ਰੈੱਸ ਨੇ ਐਸਾ ਸਬਕ ਸਿਖਾਇਆ ਕਿ ਜੀਅ ਕਰਦੈ ਬਈ ਟੋਆ ਕਿਸੇ ਹੋਰ ਲਈ ਪੱਟਿਆ ਹੋਵੇ ਤੇ ਦੱਬ ਦੇਈਏ ਵਿੱਚ ਉਹਨਾਂ ਨੂੰ। ਕਾਫ਼ੀ ਦੌੜ-ਭੱਜ ਤੋਂ ਬਾਅਦ ਜਦੋਂ ਸਾਡੇ ਇਕ ਸੰਪਾਦਕ ਨੇ ਭਾਰਤ ਜਾਕੇ ਉਸ ਪ੍ਰੈੱਸ ਤੋਂ ਖਰੜੇ ਲੈਕੇ ਦਿੱਲੀ ਕੰਪੋਜ਼ ਹੋਣ ਲਈ ਦਿੱਤੇ ਤੇ ਉਹ ਸਹੀ ਸਲਾਮਤ ਸਾਡੇ ਕੋਲ ਪੁੱਜੇ ਤਾਂ ਅਸੀਂ ਕਿੰਨਾ ਚਿਰ 'ਵਿਸਮਾਦ- ਅਵੱਸਥਾ' 'ਚ ਡੁੱਬੇ ਰਹੇ। ਇਸ ਦੇਰੀ ਕਾਰਣ ਅੰਤਾਂਤ ਦੁੱਖ ਨਾਲ 'ਭੂਪਾਲ ਜੀ' ਦੀ ਇਹ ਰਚਨਾ ਛਾਪ ਰਹੇ ਹਾਂ ਅਤੇ ਪਾਠਕਾਂ ਨੂੰ ਵੀ ਨਿਮੰਤ੍ਰਣ ਦਿੰਦੇ ਹਾਂ ਕਿ ਜੇ ਉਹ ਚਾਹੁਣ (ਲੇਖ ਪੜ੍ਹਨ ਉਪਰੰਤ) ਤਾਂ ਉਹ ਵੀ ਸਾਡਾ 'ਦੁੱਖ' ਘਟਾਉਣ ਵਿੱਚ ਸਾਡਾ ਹੱਥ ਵਟਾਉਣ!

'ਭੂਪਾਲ ਜੀ' ਦੀਆਂ ਬਾਕੀ ਦੋ 'ਸਾਹਿੱਤਕ ਪ੍ਰਾਪਤੀਆਂ' ਵੀ ਅਗਲੇ ਦੋਹਾਂ ਅੰਕਾਂ 'ਚ ਛਾਪਕੇ ਉਨ੍ਹਾਂ ਸਮੇਤ ਪਾਠਕਾਂ ਨੂੰ ਧੰਨਵਾਦੀ ਬਣਾਵਾਂਗੇ-(ਸੰਪਾਦਕ)

ਦਲੀਪ ਸਿੰਘ ਭੂਪਾਲ

*ਇਹ ਵੀ ਜ਼ਰੂਰੀ ਹੈ*

# ਦੂਜੇ ਦੇ ਸੁੱਖ ਦੁੱਖ ਵਿੱਚ ਸ਼ਾਮਿਲ ਹੋਣਾ

ਜਦ ੧੮੫੯ ਈ. ਵਿੱਚ ਪ੍ਰਸਿੱਧ ਅੰਗਰੇਜ਼ ਵਿਗਿਆਨੀ ਡਾਰਵਿਨ ਨੇ ਪਹਿਲੀ ਵਾਰੀ ਇਹ ਗੱਲ ਸਿੱਧ ਕੀਤੀ ਸੀ ਕਿ ਮਨੁੱਖ ਅਸਲ ਵਿਚ ਬਾਂਦਰ ਦੀ ਔਲਾਦ ਹੈ ਤਾਂ ਅਣਗਿਣਤ ਲੋਕ ਉਸ ਨੂੰ ਪਾਗਲ, ਸ਼ੈਤਾਨ ਦੀ ਟੁੱਟੀ ਅਤੇ ਉੱਲੂ ਦਾ ਚਰਖਾ ਕਹਿਣ ਤੱਕ ਗਏ ਸਨ। ਅੱਜ ਭਾਵੇਂ ਇਹ ਗੱਲ ਸਾਰੇ ਸੰਸਾਰ ਵਿੱਚ ਠੀਕ ਪ੍ਰਵਾਨ ਕਰ ਲਈ ਗਈ ਹੈ, ਫੇਰ ਵੀ ਕੁੱਝ ਚਤੁਰ ਜੀਵ-ਵਿਗਿਆਨੀਆਂ ਨੇ ਕੰਨ ਸਿੱਧਾ ਫੜਨ ਦੀ ਥਾਂ ਵਲਾ ਕੇ ਫੜਨਾ ਠੀਕ ਸਮਝਿਆ ਹੈ। ਯਾਨੀ ਉਨ੍ਹਾਂ ਨੇ ਮਨੁੱਖ ਨੂੰ ਸਿੱਧਾ ਬਾਂਦਰ ਦੀ ਔਲਾਦ ਮੰਨਣ ਦੀ ਥਾਂ ਇੰਜ ਆਖ ਲਿਆ ਕਿ Man is a Social Animal ਭਾਵ ਮਨੁੱਖ ਸਮਾਜੀ ਪਸ਼ੂ ਹੈ। ਉਰਦੂ ਵਾਲਿਆਂ ਨੇ ਮਨੁੱਖ ਨੂੰ "ਅਸ਼ਰਫ਼-ਉਲ-ਮਖ਼ਲੂਕਾਂਤ" ਆਖ ਕੇ ਪਸ਼ੂਪਣੇ ਦੀ ਚੋਭ ਘੱਟ ਕਰ ਲਈ।

ਪਰ ਪਸ਼ੂ ਹੁੰਦਾ ਹੋਇਆ ਵੀ ਮਨੁੱਖ ਪਸ਼ੂਆਂ ਨਾਲੋਂ ਇਸ ਗੱਲੇ ਵਿੱਚ ਵਖਰਾ ਹੈ ਕਿ ਉਹ ਦੁਖ ਸੁਖ ਅਤੇ ਖੁਸ਼ੀ ਗ਼ਮੀ ਨੂੰ ਮਹਿਸੂਸ ਕਰ ਸਕਦਾ ਹੈ ਤੇ ਦੂਜੇ ਮਨੁੱਖਾਂ ਨਾਲ ਆਪਣੇ ਦੁਖ ਸੁਖ ਸਾਂਝੇ ਕਰ ਸਕਦਾ ਹੈ। ਅੰਗਰੇਜ਼ੀ ਵਾਲੇ ਆਖਦੇ ਹਨ :

When you laugh the world laughs with you.
When you weep, you weep alone.

ਦੁਖ ਤੇ ਸੁਖ ਮਨੁੱਖ ਦੇ ਦੋ ਪੱਕੇ ਸਾਥੀ ਹਨ। ਇਹ ਸਚਾਈ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ 'ਜਪੁਜੀ' ਦੁਆਰਾ, ਸਾਨੂੰ ਇੰਜ ਦ੍ਰਿੜ੍ਹ ਕਰਵਾਉਂਦੇ ਹਨ—

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥

(ਜਪੁਜੀ ਪੌੜੀ ੨੯)

ਪਰ ਕਿਸੇ ਦੇ ਸੁਖ ਵਿਚ ਸ਼ਾਮਲ ਹੋਣਾ ਬਹੁਤ ਸੌਖਾ ਕੰਮ ਹੈ। ਉੱਥੇ ਮੂੰਹ ਮਿੱਠਾ ਕਰਨ ਨੂੰ ਅਣਗਿਣਤ ਲਟਾ ਪਟਾ ਮਿਲ ਜਾਂਦਾ ਹੈ। ਉਪਰੋਂ ਹਾਜ਼ਰੀ ਲੁਆਉਣ ਦੀ ਸ਼ਾਬਾਸ਼ੇ ਵਾਧੂ ਦੀ। 'ਆਮ ਕੇ ਆਮ ਗੁਠਲੀਓਂ ਕੇ ਦਾਮ'। ਪਰ ਕਿਸੇ ਦੇ ਦੁਖ ਵਿਚ ਸ਼ਾਮਿਲ ਹੋਣਾ ਵਡੇ ਮਰਦਉਪੁਣੇ ਦਾ ਕੰਮ ਹੈ ਕਿਉਂਜੋ ਉੱਥੇ ਖਾਣ ਪੀਣ ਦੀ ਉੱਕਾ ਹੀ ਝਾਕ ਨਹੀਂ ਹੁੰਦੀ। ਉਲਟਾ ਆਪਣਾ ਲਹੂ ਸੁਕਾਉਣਾ ਪੈਂਦਾ ਹੈ। ਮੂੰਹ ਢਿਲੱਮ-ਢਿੱਲਾ ਕਰਕੇ ਮਗਰਮੱਛ ਦੇ ਹੰਝੂ ਵਹਾਉਣੇ ਪੈਂਦੇ ਹਨ ਤੇ ਫੋਕੀ ਹਮਦਰਦੀ ਵਿਚ ਖ਼ਾਹ ਮਖ਼ਾਹ ਐਧਰਲੀਆਂ ਉਧਰਲੀਆਂ ਰੇੜ੍ਹਨੀਆਂ ਪੈਂਦੀਆਂ ਹਨ। ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਮੁਖ ਵਾਕ ਹੈ :—

ਪ੍ਰੀਤਮ ਜਾਨਿ ਲਹੁ ਮਨ ਮਾਹੀ ॥
ਆਪਣੇ ਸੁਖ ਸਿਉ ਹੀ ਜਗ ਫਾਂਧਿਓ
ਕੋ ਕਾਹੂ ਕੋ ਨਾਹੀ ॥
ਸੁਖ ਮੈਂ ਆਨਿ ਬਹੁਤ ਮਿਲਿ ਬੈਠਤ

IMPORTERS EXPORTERS WHOLESALERS RETAILERS

ROKKO SAREES & FABRICS

635-BLOOR STREET WEST. TORONTO. ONTARIO. CANADA Phone 533-1106

OWNED AND OPERATED BY B.S. KHURANA AND SONS AND GRANDSONS

**FOR FAST EXPRESS DELIVERY**
**CALL**

KARNAIL NAGRA
TEL. (604) 327-3579

OF

**COMMONWEALTH**
**FOREIGN EXCHANGE SERVICE**

ਪੈਸੇ ਸਸਤੇ ਭਾਅ ਭੇਜਣ ਅਤੇ ਕਿਸਤ ਕਾਂ ਤੇ ਜਲਦੀ ਪਹੁੰਚਾਣ ਲਈ

**ਕਾਮਨਵੈਲਥ ਫੌਰਿਨ ਐਕਸਚੇਂਜ ਸਰਵਿਸ**

ਤੋਂ ਪੂਰਨ ਲਾਭ ਉਠਾਉ। ਫੋਨ: 327-3579





ਸੋਹਣ ਸੁਰਿੰਦਰ ਸਿੰਘ ਸੰਘਾ

MELTON
REAL ESTATE (B.C.) LTD.

SOHAN S. S. SANGHA

1435 KINGSWAY
VANCOUVER 12, B. C.

OFF. 879-7571
RES. 874-2700

*B. C.'s First Computerized*
*Real Estate Service*

ਹਰ ਪ੍ਰਕਾਰ ਦੀ ਜਾਇਦਾਦ ਖਰੀਦਣ
ਜਾਂ ਵੇਚਣ ਸਮੇਂ ਤੁਹਾਨੂੰ ਚੰਗੀ ਰਾਏ
ਤੇ ਲਾਭਦਾਇਕ ਸੇਵਾਵਾਂ ਪੇਸ਼ ਕਰਦੇ ਹਾਂ।

ਟੈਲੀਫੋਨ:
ਦਫ਼ਤਰ: 879-7571
ਘਰ: 874-2700



**BUY SELL TRADE**

Real Estate

- LOTS
- HOUSES
- ACREAGE

BLOCK BROS REALTY

**AMARJIT S. GILL**

PHONE:
Res. 278-5443
Bus. 327-8141

6964 Victoria Drive

Vancouver 16, B.C.

Phone: 327-8141



NEW

# SPICELAND

At new location — 4232 Main Street (30th Ave.)
Vancouver, B.C.

Phones: 874-6624 — 879-8110

## FREE DELIVERY

Come in and take advantage
of our good quality products, low prices, courteous
and quick services

ਰਹਿਤ ਚਹੁ ਦਿਸ ਘੇਰੈ ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ
ਕੋਊ ਨਾ ਆਵਤ ਨੇਰੇ ॥

੧੯੪੭ ਦੀ ਦੇਸ਼ ਵੰਡ ਸਮੇਂ ਬਰਬਰੀਅਤ ਦਾ ਜੋ ਨੰਗਾ ਨਾਚ ਹੋਇਆ ਸੀ ਉਸ ਨੂੰ ਦੇਖ ਕੇ ਭਲਾ ਕਿਸ ਜ਼ੀ-ਹੋਸ਼ ਇਨਸਾਨ ਦਾ ਸੀਨਾ ਛੇਕੋ ਛੇਕ ਨਹੀਂ ਸੀ ਹੋ ਗਿਆ। ਮਹਾਤਮਾ ਗਾਂਧੀ, ਡਾਕਟਰ ਕਿਚਲੂ, ਪੰਡਿਤ ਮਦਨ ਮੋਹਨ ਮਾਲਵੀਆ ਅਤੇ ਪਾਦਰੀ ਐਂਡਰੀਊਜ਼ ਵਰਗਿਆਂ ਦੀਆਂ ਅੱਖਾਂ ਵਿਚ ਵੀ ਤਰਸ ਦੇ ਹੰਝੂ ਛਲਕ ਆਏ ਸਨ। ਪਰ ਜਿਹੜੀ ਚੀਸ ਅੰਮ੍ਰਿਤਾ ਪ੍ਰੀਤਮ ਦੇ ਮਾਂ ਹਿਰਦੇ ਵਿਚ ਉੱਠੀ ਸੀ ਉਸ ਨੇ ਤਾਂ ਪੱਥਰ ਦਿਲ ਲੋਕਾਂ ਦੀਆਂ ਵੀ ਚੀਕਾਂ ਕਢਾਂ ਛੱਡੀਆਂ ਸਨ। ਉਸ ਨੇ ਕੀਰਨੇ ਪਾਏ ਸਨ—

ਅੱਜ ਆਖਾਂ ਵਾਰਿਸ ਸ਼ਾਹ ਨੂੰ, ਉੱਠ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।
ਉੱਠ ਦਰਦਮੰਦਾਂ ਦਿਆ ਦਰਦੀਆ, ਉੱਠ ਤਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਚਨਾਬ।

ਪਰ ਹਰ ਐਰੇ ਗੈਰੇ ਨੱਥੂ ਖੈਰੇ ਦੇ ਦੁਖ ਸੁਖ ਵਿਚ ਸ਼ਾਮਲ ਹੋਣ ਦੀ ਧਤ ਬੰਦੇ ਨੂੰ ਕਦੀ ਕਦੀ ਬੜੀ ਮਹਿੰਗੀ ਪੈਂਦੀ ਹੈ—

ਇਕ ਵਾਰੀ ਇਕ ਨੌਜੁਆਨ ਅਧਿਆਪਕਾ ਨੇ ਸਾਡਾ ਇਕ ਸਦਾਚਾਰਕ ਲੇਖ ਪੜ੍ਹ ਕੇ ਤੇ ਸਾਨੂੰ ਕੋਈ ਸੱਤਰਾ ਬਹੱਤਰਾ ਬਜ਼ੁਰਗ ਜਾਣ ਕੇ ਪੰਜਾਂ ਪੰਨਿਆਂ ਦੀ ਇਕ ਐਕਸਪ੍ਰੈਸ ਚਿੱਠੀ ਲਿਖ ਮਾਰੀ ਪਈ ਉਸ ਦੇ ਪਤੀ ਨੂੰ ਰੱਸੇ ਚੱਬਣ ਦੀ ਬੜੀ ਬਾਣ ਹੈ ਤੇ ਅਸੀਂ ਉਸ ਨੂੰ ਇਸ ਮਾਮਲੇ ਵਿਚ ਕੋਈ ਸਿੱਖਿਆ ਦਈਏ। ਉਸ ਅਧਿਆ-ਪਕਾਂ ਦੇ ਮਨ ਵਿਚ ਬਣੇ ਆਪਣੇ ਚੰਗੇ ਇਮੇਜ (Image) ਨੂੰ ਅਸੀਂ ਖਰਾਬ ਨਹੀਂ ਸੀ ਕਰਨਾ ਚਾਹੁੰਦੇ। ਸੋ ਅਸੀਂ ਉਸਦੇ ਦੁਖ ਵਿਚ ਸ਼ਾਮਿਲ ਹੁੰਦਿਆਂ ਪੰਜ ਛੇ ਘੰਟੇ ਲਾ ਕੇ, ਸੱਤ ਅੱਠ ਸੁਧਾਈਆਂ ਕਰਨ ਪਿੱਛੋਂ ਨੌਂ ਸਫਿਆਂ ਦਾ ਇਕ ਸਿਖਿਆ ਦਾ ਪੱਤ੍ਰ ਉਸ ਦੇ ਪਤੀ ਨੂੰ ਲਿਖ ਮਾਰਿਆ। ਪੱਤ੍ਰ ਪੜ੍ਹਦਿਆਂ ਸਾਰ ਉਸ 'ਸ਼ਰੀਫ਼' ਆਦਮੀ ਨੂੰ ਅੱਡੀ ਤੋਂ ਬੋਦੀ ਤਕ ਅੱਗ ਲਗ ਗਈ। ਤੇ ਉਸ ਨੇ ਸਾਨੂੰ ਚੈਲੇਂਜ ਭੇਜਿਆ ਪਈ ਜੇ ਮੈਂ ਪਿਉ ਦਾ ਪੁਤ੍ਰ ਹੋਇਆ ਤਾਂ ਤੈਨੂੰ ਵਡੇ ਸੁਧਾਰਕ ਨੂੰ ਜ਼ਰੂਰ ਸਿੱਝਾਂਗਾ। ਅਸੀਂ ਡਰਦਿਆਂ ਮਾਰਿਆਂ ਮੁਲਕ ਰਾਜ ਆਨੰਦ ਦੀ ਕਹਾਣੀ 'ਐਨ ਐਸਟ੍ਰੋਲੋਜ'ਰਜ਼ ਡੇ (An Astrologe'rs Day) ਦੇ ਕਾਤਿਲ ਪਾਤਰ ਗੁਰੂ ਨਾਇਕ ਵਾਂਗ ਪਿਛਲੇ ਤਿੰਨਾਂ ਸਾਲਾਂ ਤੋਂ ਉਸ ਸ਼ਹਿਰ ਵੱਲ, ਯਾਨੀ ਦੱਖਣ ਦੀ ਦਿਸ਼ਾ ਵੱਲ ਜਾਣਾ ਉੱਕਾ ਹੀ ਬੰਦ ਕੀਤਾ ਹੋਇਆ ਹੈ। ਉਂਜ ਤਾਂ ਅਸੀਂ ਜ਼ਿੰਦਗੀ ਵਿਚ ਏਸ ਤੋਂ ਵੀ ਵੱਡੀਆਂ ਵੱਡੀਆਂ ਅਨੇਕ, ਗਲਤੀਆਂ ਕੀਤੀਆਂ ਹਨ ਪਰ ਉਹਨਾਂ ਵਿਚੋਂ ਸਭ ਤੋਂ ਵੱਧ ਮਹਿੰਗੀ ਸਾਨੂੰ ਇਹੋ ਗਲਤੀ ਪਈ ਹੈ।

ਸਾਡਾ ਇਕ ਦੋਸਤ ਭਾਈ ਵੀਰ ਸਿੰਘ ਦੀ ਏਸ ਫ਼ਿਲਾਸਫ਼ੀ ਦਾ ਪੱਕਾ ਪੈਰੋਕਾਰ ਹੈ ਪਈ—

ਦੁਨੀਆਂ ਦੇ ਦੁਖ ਦੇਖ ਦੇਖ, ਦਿਲ ਦਬਦਾ ਦਬਦਾ ਜਾਂਦਾ।
ਅੰਦਰਲਾ ਪੰਘਰ ਵਗ ਟੁਰਦਾ ਨੈਣੋਂ ਨੀਰ ਵਹਾਂਦਾ।
ਫਿਰ ਵੀ ਦਰਦ ਨਾ ਘਟੇ ਜਗਤ ਦਾ, ਚਾਹੇ ਆਪਾ ਵਾਰੋਂ।
ਪਰ ਪੱਥਰ ਨਹੀਂ ਬਣਿਆ ਜਾਂਦਾ, ਦਰਦ ਦੇਖ ਦੁਖ ਆਂਦਾ।

ਉਸ ਭਲੇ ਪੁਰਸ਼ ਦੀ ਪਤਨੀ ਇਕ ਵਾਰ ਮੁਸਕਰਾਉਂਦੀ, ਲਹਿਰਾਉਂਦੀ ਉਸ ਕੋਲ ਆਈ ਤੇ ਬੜੇ ਅੰਦਾਜ਼ ਨਾਲ ਕਹਿਣ ਲੱਗੀ, "ਮੈਂ ਕਿਹਾ ਜੀ ਆਪਣਾ ਗੁਆਂਢੀ ਹੈ ਨਾ ਪਰਮਜੀਤ ਸਿੰਘ, ਪਿਛਲੇ ਹਫਤੇ ਉਸ ਦੀ ਮਾਂ ਮਰ ਗਈ ਸੀ। ਮੈਂ ਜ਼ਰਾ ਉਹਨਾਂ ਦੇ ਬੈਠ ਆਵਾਂ।" ਪਤੀ ਨੇ ਜਾਣ ਬੁੱਝ ਕੇ ਉਸ ਨੂੰ ਪੋਲਾ ਜਿਹਾ ਧੱਕਾ ਦੇ ਮੰਜੇ 'ਤੇ ਸੁਟ ਦਿਤਾ ਤੇ ਫ਼ਿਲਮੀ ਜਿਹੇ ਗੁਸੇ ਨਾਲ ਕੜਕਿਆ, "ਹਾਂ ਜਾਣੋ ਹੋਸ ਵੱਡੀ ਹਮਦਰਦ ਨੇ ਉਹਨਾਂ ਦੇ ਬੈਠਣ। ਅੱਜ ਐਤਵਾਰ ਹੈ ਘਰ ਦੀ ਸਫ਼ਾਈ ਦਾ ਕੰਮ ਕੌਣ ਕਰੇਗਾ ? ਪਤਨੀ ਦਾ ਇਕ ਦਮ ਮਾਵਾ ਲੱਥ ਗਿਆ। ਉਹ ਹਟਕੋਰੇ ਲੈਂਦੀ ਬਾਹੀ ਨੂੰ ਹੱਥ ਪਾ ਕੇ ਉੱਠੀ ਤੇ ਗਿੜਗੜਾਈ "ਤੁਸੀਂ ਭਲਾ ਜੇ ਅਗਲੇ ਨੂੰ ਕਿਧਰੇ ਜਾਣ ਨਹੀਂ ਦੇਣਾ ਤਾਂ ਧੱਕੇ ਮਾਰ ਮਾਰ ਕੇ ਲੱਤਾਂ ਬਾਹਵਾਂ ਕਿਉਂ ਤੋੜਦੇ ਹੋ ?" ਪਤੀ ਨੇ ਵੇਖਿਆ ਹੁਣ ਪਤਨੀ ਦਾ ਮੂੰਹ ਮਰਨ ਵਾਲੇ ਘਰ ਜਾਣ ਵਾਲਾ ਬਣ ਗਿਆ ਹੈ, ਉਹ ਹੱਥ ਜੋੜ ਕੇ ਪੂਰੀ ਅਧੀਨਗੀ ਨਾਲ ਬੋਲਿਆ, "ਬੇਗਮ ਸਾਹਿਬਾ ਹੁਣ ਤੁਸੀਂ ਜਾ ਸਕਦੇ ਹੋ। ਜਾਓ ਨਾ, ਜ਼ਰੂਰ ਜਾਓ। ਦੇਖੋ ਬੰਦਾ ਸ਼ਾਦੀ ਤੋਂ ਬੇਸ਼ੱਕ ਖੁੰਝ ਜਾਵੇ ਪਰ ਗਮੀ ਤੋਂ ਕਦੀ ਨਾਂ ਖੁੰਝੇ"। ਪਤੀ ਦਾ ਮਤਲਬ ਸੀ ਪਈ ਜੇ ਕਿਸੇ ਰੋਂਦੂ ਨੂੰ ਮਿਲਣ ਜਾਣਾ ਹੋਵੇ ਤਾਂ ਸਾਡਾ ਆਪਣਾ ਮੂੰਹ ਵੀ ਰੋਣ ਹਾਕਾ ਜ਼ਰੂਰ ਹੋਣਾ ਚਾਹੀਦਾ ਹੈ ਭਾਵੇਂ ਚਪੇੜਾਂ ਮਾਰ ਮਾਰ ਕੇ ਹੀ ਕਿਉਂ ਨਾ ਕਰਨਾ ਪਵੇ।

ਦੂਜਿਆਂ ਦੇ ਦੁਖ ਸੁਖ 'ਚ ਸ਼ਾਮਿਲ ਹੋਣ ਲਈ ਡਾਢੀ ਅਕਲਮੰਦੀ ਦੀ ਲੋੜ ਹੈ। ਜ਼ਰਾ ਕੁ ਅਣਗਹਿਲੀ ਕਰਨ ਨਾਲ ਕਈ ਵਾਰੀ ਬੜੀ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਹਿੰਦੇ ਹਨ ਇਕ ਵਾਰੀ ਇਕ ਮਰਾਸੀ ਦੇ ਇਕਲੌਤੇ ਪੁਤਰ ਨੇ ਫੌਜ ਵਿਚੋਂ ਤਾਰ ਪਾਈ, ਮੈਂ ਫਟਾ ਫਟ ਦੋ ਮਹੀਨਿਆਂ ਦੀ ਛੁੱਟੀ ਆ ਰਿਹਾ ਹਾਂ, ਖੋਆ ਮਾਰ ਛੱਡਣਾ। ਡਾਕੀਏ ਦੇ ਥੈਲੇ ਵਿਚ ਪਾਉਂਦਿਆਂ ਕਢਦਿਆਂ ਲਿਫ਼ਾਫ਼ੇ ਦੀ ਇਕ ਨੁੱਕਰ ਪਾਟ ਗਈ ਸੀ। ਮਰਾਸੀ ਨੇ ਫਟੀ ਨੁੱਕਰ ਵਾਲਾ ਲਿਫ਼ਾਫ਼ਾ ਕੰਬਦੇ ਹੱਥਾਂ ਨਾਲ ਫੜਦਿਆਂ ਡਾਕੀਏ ਨੂੰ ਪੁਛਿਆ, "ਭਲਿਆ ਮਾਣਸਾ ਇਹ ਤਾਂ ਦੱਸ ਜਾ, ਤਾਰ ਹੈ ਕਿਸ ਦੀ ? "ਤੇਰੇ ਪੁਤਰ ਦੀ", ਡਾਕੀਏ ਨੇ ਕਾਹਲੀ ਨਾਲ ਏਨਾ ਕਹਿ ਕੇ ਸਾਈਕਲ ਤੇ ਲੱਤ ਦੇ ਲਈ। ਮਰਾਸੀ ਫਟੇ ਲਿਫ਼ਾਫ਼ੇ ਨੂੰ ਵੇਖ ਵੇਖ ਭੁੱਬਾਂ ਮਾਰ ਮਾਰ ਰੋਣ ਲੱਗ ਪਿਆ। ਮਰਾਸਣ ਬਾਹਰੋਂ ਆਈ। ਪਤੀ ਨੂੰ ਰੋਂਦਿਆਂ ਵੇਖ ਵਫ਼ਾਦਾਰ ਪਤਨੀ, ਦੁਹੱਥੜੀ ਪਿੱਟਣ ਲੱਗ ਪਈ। ਆਂਢ ਗੁਆਂਢ ਇਕੱਠਾ ਹੋ ਗਿਆ। ਜਿਹੜਾ ਆਵੇ ਅਛੋਪਲੇ ਜਿਹੇ ਰੋਣ-ਮੰਡਲੀ 'ਚ ਸ਼ਾਮਿਲ ਹੁੰਦਾ ਜਾਵੇ। ਜਾਂ ਘੰਟਾ ਡੇਢ ਘੰਟਾ ਸਾਰੇ ਰੋ ਧੋ ਕੇ ਹੌਲੇ ਫੁਲ ਹੋ ਗਏ ਤਾਂ ਇਕ ਸਿਆਣੇ ਬਜ਼ੁਰਗ ਨੇ ਨੱਕ ਸੁਣਕਦਿਆਂ ਨਾਲ ਦੇ ਨੂੰ ਪੁੱਛਿਆ, "ਨਾ ਰੂੜ ਸਿੰਘਾ, ਭਲਾ ਮੀਰ ਦਾ ਮਰ ਕੌਣ ਗਿਆ ?" ਪੁਛਦਿਆਂ-ਪੁਛਦਿਆਂ ਗੱਲ ਤਾਰ ਵਾਲੇ ਪਾਟੇ ਲਿਫ਼ਾਫ਼ੇ'ਤੇ ਆ ਖੜੀ। ਜਦ ਰੋਣ-ਮੰਡਲੀ 'ਚੋਂ ਇਕ ਪੜ੍ਹੇ ਲਿਖੇ ਮੁੰਡੇ ਨੇ ਤਾਰ ਖੋਲ ਕੇ ਪੜ੍ਹੀ ਕਿ ਮੀਰ ਦਾ ਪੁਤ੍ਰ ਅੱਜ ਦੋ ਮਹੀਨਿਆਂ ਦੀ ਛੁੱਟੀ ਆ ਰਿਹਾ ਹੈ ਤਾਂ ਸਾਰੇ ਉਸ ਦੀ (ਅਤੇ ਆਪਣੀ ਵੀ) ਮੂਰਖਤਾ

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5.
PHONE: 438-1304 324-2557

CONGRATULATIONS & BEST WISHES TO

**The Watno Dur**

ON COMPLITION OF ONE YEAR

FROM

# PAREKH JEWELLERS

**7271 Main Street, Vancouver, B.C.**

**Phone:**

**Business: 321-6204**

**Residence: 321-1104**

**Specialists in every type of East Indiah gold and silver Jewellery and gift Wares.**

'ਤੇ ਖਿਝਦੇ ਘਰਾਂ ਨੂੰ ਮੁੜ ਗਏ ।

ਅੱਜ ਕਲ ਹਰ ਗੱਲ ਵਿਚ ਦਿਖਾਵਾ ਵਧਦਾ ਜਾ ਰਿਹਾ ਹੈ । ਸੁਕਾ ਸ਼ਾਕੀ ਤੇ ਟੀਪ ਟਪੱਲੇ ਦਾ ਯੁੱਗ ਆ ਗਿਆ ਹੈ । ਦੂਜਿਆਂ ਦੁਖ ਦੇ ਸੁਖ ਵਿਚ ਸ਼ਾਮਿਲ ਹੋਣਾ ਵੀ ਦਿਖਾਵੇ ਦਾ ਹੀ ਰਹਿ ਗਿਆ ਹੈ । ਦਿਲੀ ਹਮਦਰਦੀ ਮੁਸ਼ਕ-ਕਾਫੂਰ ਵਾਂਗ ਉੱਡਦੀ ਜਾ ਰਹੀ ਹੈ । ਹੋਰ ਤਾਂ ਹੋਰ ਨੜੋਏ ਨਾਲ ਗਏ ਬਹੁਤੇ ਆਦਮੀਆਂ ਦੀ ਇਹ ਇੱਛਾ ਹੁੰਦੀ ਹੈ ਪਈ ਮੁਰਦੇ ਨੂੰ ਫੂਕਣ ਦਾ ਸਿਆਪਾ ਛੇਤੀ ਤੋਂ ਛੇਤੀ ਮੁੱਕੇ ਤੇ ਉਹ ਜਾ ਕੇ ਆਪਣੇ ਸ਼ਹਿਰ 'ਚ ਮਸਾਂ ਮਸਾਂ ਆਈ ਨਵੀਂ ਨਕੋਰ ਫ਼ਿਲਮ ਦਾ ਸ਼ਾਮ ਦਾ ਸ਼ੋ ਵੇਖ ਸਕਣ ।

ਸਵਰਗੀ ਪ੍ਰਿੰਸੀਪਲ ਤੇਜਾ ਸਿੰਘ ਦਾ ਵਿਚਾਰ ਹੈ ਕਿ ਹੋਸਟਲਾਂ ਦੀ ਪੜ੍ਹਾਈ ਨਾਲ ਸਾਡੇ ਵਿਦਿਆਰਥੀ, ਭਾਈਚਾਰੇ 'ਚ ਵਿਚਰਨ ਲਈ ਜ਼ਰੂਰੀ ਗੁਣਾਂ ਤੇ ਘਰੇਲੂ-ਸ਼ਾਸਤਰ ਤੋਂ ਬਿਲਕੁਲ ਕੋਰੇ ਰਹਿ ਜਾਂਦੇ ਹਨ । ਆਪ ਲਿਖਦੇ ਹਨ—

ਜੇ ਚਾਚੀ ਮਰ ਜਾਏ ਤਾਂ ਮੁੰਡੇ ਨੂੰ ਆਪਣੇ ਚਾਚੇ ਪਾਸ ਜਾ ਕੇ ਪਰਚਾਉਣੀ ਕਰਨ ਦੀ ਜਾਚ ਨਹੀਂ ਆਉਂਦੀ । ਮਾਂ ਨੂੰ ਨਾਲ ਜਾ ਕੇ ਕਹਿਣਾ ਪੈਂਦਾ ਹੈ, 'ਕਾਕਾ ਚਾਚੀ ਲਈ ਅਫਸੋਸ ਕਰਨ ਆਇਆ ਹੈ ।"

ਇਂਜ ਹੀ ਪ੍ਰਿੰਸੀਪਲ ਸਾਹਿਬ ਅੰਗਰੇਜ਼ੀ ਲਿਖਾਰੀ ਕਾਰਲਾਈਲ ਸੰਬੰਧੀ ਇਕ ਥਾਂ ਲਿਖਦੇ ਹਨ--

"ਜੇ ਕਾਰਲਾਈਲ ਅਪਣੀ ਤੀਵੀਂ ਨੂੰ ਪਿਆਰ ਕਰਦਾ ਭਾਵ ਉਸ ਦੇ ਦੁਖ ਸੁਖ 'ਚ ਸ਼ਾਮਿਲ ਹੁੰਦਾ ਤਾਂ ਉਹ ਇਨ੍ਹਾਂ ਕ੍ਰਿਝੂ ਤੇ ਸੜ ਨਾ ਹੁੰਦਾ ।"

ਇਸ ਦੇ ਟਾਕਰੇ 'ਤੇ ਪੁਰਾਣੇ ਸਮਿਆਂ ਦੇ ਬੰਦਿਆਂ ਦੀ ਦੂਜਿਆਂ ਪ੍ਰਤੀ ਹਮਦਰਦੀ ਦੀ ਭਾਵਨਾ ਇਨ੍ਹਾਂ ਲੋਕ-ਗੀਤਾਂ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ—

ਤੈਨੂੰ ਤਾਪ ਚੜ੍ਹੇ ਮੈ ਹੂੰਗਾਂ, ਤੇਰੀ ਮੇਰੀ ਇਕ ਜਿੰਦੜੀ ।
ਜਾਂ ਤੇਰਾ ਵਾਲ ਵਿੰਗਾ ਨਾਂ ਹੋਵੇ ਤੇਰੀ ਆਈ ਮੈ ਮਰ ਜਾਂ ।

ਜਿੱਥੇ ਦੂਜਿਆਂ ਦੇ ਦੁਖ ਵਿਚ ਸ਼ਾਮਿਲ ਹੋਣਾ ਇਕ ਕਲਾ ਹੈ, ਉੱਥੇ ਦੂਜਿਆਂ ਦੇ ਸੁਖ ਵਿਚ ਸ਼ਾਮਿਲ ਹੋਣਾ ਉਸ ਤੋਂ ਵੀ ਮਹਾਨ ਕਲਾ ਹੈ । ਸਾਡਾ ਯਤਨ ਇਹ ਹੋਣਾ ਚਾਹੀਦਾ ਹੈ ਕਿ ਜਿਸ ਦੇ ਸੁਖ ਵਿਚ ਅਸੀਂ ਸ਼ਾਮਿਲ ਹੋਣ ਜਾ ਰਹੇ ਹਾਂ ਉਸ ਦੇ ਸੁਖ ਵਿਚ ਅਸੀਂ ਵਾਧਾ ਹੀ ਕਰੀਏ, ਐਸਾ ਨਾ ਹੋਵੇ ਕਿ ਅਸੀਂ ਕੋਈ ਉਲਟਾ ਗੀਅਰ ਲਾ ਕੇ ਉਸਦਾ ਪਾਸਾ ਪੁੱਠਾ ਕਰਦੇ ਹੋਈਏ । ਖੁਸ਼ੀ ਦਾ ਸਭ ਤੋਂ ਵੱਡਾ ਅਵਸਰ ਜੰਜ ਸਮਝੀ ਜਾਂਦੀ ਹੈ, ਜੰਜਾਂ ਵਿਚ ਕਈ ਹਾਬੜੇ ਸ਼ਰਾਬੀ ਵਿਤੋਂ ਬਹੁਤੀ ਸ਼ਰਾਬ ਡਕਾਰ ਕੇ ਅਕਸਰ ਰੰਗ ਵਿਚ ਭੰਗ ਪਾ ਦਿੰਦੇ ਹਨ । ਕਈ ਤਾਂ ਪਰਲੋਕ ਸਿਧਾਰਨ ਦਾ ਹੀ ਤੱਹਈਆ ਕਰ ਲੈਂਦੇ ਹਨ । ਉਹ ਜਿਹਿਆਂ ਨੂੰ ਫਟਾ ਫੱਟ ਮੰਜੇ, ਟਾਂਗੇ, ਟਰਾਲੀ ਜਾਂ ਕਾਰ ਵਿਚ ਲੱਦ ਕੇ ਨੇੜੇ ਦੇ ਹਸਪਤਾਲ ਵਿਚ ਪੁਚਾਉਣਾ ਪੈਂਦਾ ਹੈ । ਕਈ ਕਈ ਜੰਜਾਂ ਵਿਚ ਬੰਬਲੇ ਸ਼ਰਾਬੀ ਐਵੇ ਹਵਾ 'ਚ ਗੋਲੀਆਂ ਚਲਾਉਣ ਲੱਗ ਪੈਂਦੇ ਹਨ । ਇਕ ਵਾਰੀ ਇਕ ਜੰਜ ਵਿਚ ਇਕੋ ਬੰਦੂਕ ਨੂੰ ਖੋਹ ਖੋਹ ਕੇ ਕਈ ਸ਼ਰਾਬੀ ਜਾਂਜੀ ਇਕ ਘੁੱਗੀ ਤੇ ਫ਼ਾਇਰ ਕਰਨ ਦਾ ਯਤਨ ਕਰ ਰਹੇ ਸਨ । ਖੋਹਾ ਖਿੱਚੀ 'ਚ ਵਿਆਹੁਲੇ ਦੇ ਜੀਜੇ ਤੋਂ ਅਚਾਨਕ ਟਰੇਗਰ ਨੱਪਿਆ ਗਿਆ ਤੇ ਗੋਲੀ ਸਿੱਧੀ ਵਿਆਹੁਲੇ ਦੀ ਛਾਤੀ 'ਚ ਜਾ ਲੱਗੀ । ਵਿਚਾਰਾ ਵਿਆਹਲਾ ਕਿਸੇ ਜ਼ਖਮੀ ਘੁੱਗੀ ਵਾਂਗ ਥਾਂਏ ਦਮ ਤੋੜ ਗਿਆ । ਇਕ ਦਮ ਭਾਜੜ ਪੈ ਗਈ । ਹਾਹਾਕਾਰ ਮੱਚ ਗਈ । ਖੁਸ਼ੀਆਂ ਦੇ ਸ਼ਾਦੀਆਂਨਿਆਂ ਦੀ ਥਾਂ ਮਾਤਮ ਦੀਆਂ ਸਫ਼ਾਂ ਵਿਛ ਗਈਆਂ । ਜਾਂਜੀਆਂ 'ਚ ਚਵਾ-ਚਵੀ ਹੋ ਰਹੀ ਸੀ—'ਜੰਜ ਤੁਰਨ ਵੇਲੇ ਨਿਛ ਵੱਜੀ ਸੀ ।' ਯਾਰ ਕਾਲੀ ਬਿੱਲੀ ਨੇ ਜੰਜ ਦਾ ਰਾਹ ਕੱਟਿਆ ਸੀ । 'ਮੈਨੂੰ ਤਾਂ ਵਿਆਹੁਲੀ ਕੁੜੀ ਹੀ ਨਹਿਸ਼ ਲਗਦੀ ਹੈ ।' 'ਤੁਹਾਨੂੰ ਨਹੀਂ ਪਤਾ ਦੁਸ਼ਮਨਾਂ ਦੀ ਸ਼ਰਾਰਤ ਹੈ......ਤੇ ਜਿਸ ਸਜੀ ਫਬੀ ਕਾਰ 'ਚ ਚਹੁੰ ਘੰਟਿਆਂ ਪਿਛੋਂ ਡੋਲਾ ਜਾਣਾ ਸੀ ਉਸੇ ਕਾਰ 'ਚ ਮੁੰਡੇ ਦੀ ਲਾਸ਼ ਘਰ ਗਈ ।

ਇੰਜ ਹੀ ਇਕ ਵਾਰੀ ਇਕ ਪੇਂਡੂ ਵੀਰ ਨੇ ਸ਼ਹਿਰ 'ਚ ਕੋਠੀ ਪਾ ਲਈ । ਚੱਠ 'ਤੇ ਬੜਾ ਇਕੱਠ ਕੀਤਾ । ਸੋਚਿਆ, ਪਈ ਇੰਜ ਦਾਨ ਪੁੰਨ ਦਾ ਦਸਵੰਧ ਨਿਕਲ ਜਾਵੇਗਾ । ਉਸ ਨੇ ਆਇਆਂ ਗਇਆਂ ਦੀ ਖੂਬ ਖਾਤਰ ਤਵਾਜ਼ੁਹ ਕੀਤੀ । ਮਠਿਆਈਆਂ, ਸਲੂਣਿਆਂ ਤੇ ਠੰਢੀਆਂ ਤੱਤੀਆਂ ਪੀਣ ਵਾਲੀਆਂ ਸ਼ੈਆਂ ਦਾ ਹੜ੍ਹਲੂ ਆ ਗਿਆ । ਪਰ ਜਦ ਮਹਿਮਾਨ ਢਿੱਡਾਂ 'ਤੇ ਹੱਥ ਫੇਰਦੇ ਤੇ ਮੁੱਛਾਂ ਨੂੰ ਸੁਆਰਦੇ ਬਾਹਰ ਨਿਕਲੇ ਤਾਂ ਜਿੰਨੇ ਮੂੰਹ ਸਨ ਉਨੀਆਂ ਗੱਲਾਂ ਹੋ ਰਹੀਆਂ ਸਨ—'ਅਜੀ ਲਗਦੈ, ਇਹਦਾ ਕਿਸੇ ਸਮਗਲਰ ਨਾਲ ਲਿੰਕ ਹੈ' । 'ਮੈਂ ਕਹਿਨਾ ਇਹ ਕਿਸੇ ਡਾਕੂਆਂ ਦੇ ਗਰੋਹ ਦਾ ਮੈਂਬਰ ਹੋਵੇਗਾ ।' 'ਨਹੀਂ ਜੀ ਉੱਥੇ ਪਿੰਡ 'ਚ ਡੂਢੀਆਂ ਸਵਾਈਆਂ ਖਾ ਕੇ ਗਰੀਬਾਂ ਦਾ ਖੂਨ ਨਿਚੋੜਦਾ ਹੋਵੇਗਾ ।' 'ਲਗਦੈ ਕਿਸੇ ਔਤ ਮਰੇ ਦੀ ਢੇਰੀ ਅੜਿੱਕੇ ਆਈ ਹੈ ।' 'ਸਾਲਾ ਕੱਲ, ਭੁੱਖਾ ਮਰਦਾ ਸੀ ਅੱਜ ਇਹਨੂੰ ਕਿਥੋਂ ਗਿੱਦੜ ਸਿੰਗੀ ਲੱਭ ਪਈ ।' ਵਗੈਰਾ ਵਗੈਰਾ ।......ਪੁਛਣ ਵਾਲਾ ਹੋਵੇ ਪਈ ਕੀ ਥੁੜਿਆ ਪਿਆ ਸੀ ਇਨ੍ਹਾਂ ਲੋਕਾਂ ਦਾ ਚੱਠ ਦੀ ਖੁਸ਼ੀ 'ਚ ਸ਼ਾਮਿਲ ਹੋਣ ਖੁਣੋਂ ।

ਸਿਆਣੇ ਆਖਦੇ ਹਨ ਤੇ ਜੇ ਰਾਤਾਂ ਹਨ੍ਹੇਰੀਆਂ ਨਾ ਹੁੰਦੀਆਂ ਤਾਂ ਭਲਾ ਚਾਨਣੀਆਂ ਰਾਤਾਂ ਦੀ ਕਦਰ ਵੀ ਕਿਸ 'ਅਕਲਮੰਦ' ਨੇ ਕਰਨੀ ਸੀ । ਇੰਜ ਹੀ ਜੇ ਸੰਸਾਰ ਵਿਚ ਹਰ ਵਿਅਕਤੀ ਦੂਜੇ ਦੇ ਦੁਖ ਸੁਖ 'ਚ ਸ਼ਾਮਿਲ ਹੋਣ ਵਾਲਾ ਹੁੰਦਾ ਤਾਂ ਇਹ ਸੰਸਾਰ ਨਮੂਨਾਂ ਬਣ ਜਾਣਾ ਸੀ । ਏਸ ਗੱਲ ਦਾ ਸਾਡੇ ਸ਼ਹਿਰ ਦੇ ਇਕ ਮੁਹੰਮਦ ਤੁਗਲਕ ਮਾਰਕਾ ਮਿੱਤ੍ਰ ਨੂੰ ਬੜਾ ਤੌਖ਼ਲਾ ਰਹਿੰਦਾ ਹੈ । ਇਸ ਲਈ ਉਹ ਆਪਣੇ ਸੱਜਣਾਂ ਪਿਆਰਿਆਂ ਦੀ ਖੁਸ਼ੀ 'ਚ ਅਕਸਰ ਕੋਈ ਝੱਲ ਵਲੱਲੀ ਗੱਲ ਕਰਕੇ ਚੰਗੇ ਭਲੇ ਵਿਆਹ 'ਚ ਬੀ ਦਾਂ ਲੇਖਾ ਪਾ ਕੇ ਦੁਧ 'ਚ ਕਾਂਜੀ ਘੋਲ ਕੇ ਅਹੁ ਜਾਂਦਾ ਹੈ । ਅਖੇ ਅੱਗ ਲਾਈ ਤੇ ਡੱਡੂ ਕੰਧ 'ਤੇ । ਉਸਦਾ ਕੋਈ ਨਿਕਟ-ਵਰਤੀ ਮਿੱਤ੍ਰ ਜਦ ਕਿਸੇ ਸੰਕਟ 'ਚ ਫਸਿਆ ਹੁੰਦਾ ਹੈ ਤਾਂ ਉਹ ਬਾਂਦਰ-ਹਾਸੀ ਹਸਦਾ ਉਸ ਨੂੰ ਸ਼ਰਾਰਤਨ ਛੇੜੇਗਾ, "ਸੁਣਾਓ ਸੱਚੇ ਪਾਤਸ਼ਾਹੋ, ਊਠ ਦਾ ਬੁੱਲ੍ਹ ਅੱਜ ਲਮਕਿਆ ਲਮਕਿਆ ਕਿਉਂ ਹੈ, ਕੀ ਗੱਲ ਹੈ ਭਰਜਾਈ ਜੀ ਨੇ ਕਿਧਰੇ ਨਵੇਂ ਸੈਂਡਲਾਂ ਦਾ ਉਦਘਾਟਨ ਕਰਦਿਆਂ ਚੰਪੀ ਤਾਂ ਨਹੀਂ ਕਰ ਦਿਤੀ ?"

ਸਾਡੇ ਵਰਗਾ ਰੱਬ ਨਾਲ ਰੁੱਸਿਆ ਇਕ ਸ਼ਾਇਰ ਜਿਹੜੇ ਦੂਜਿਆਂ ਦੇ ਦੁਖ ਸੁਖ 'ਚ ਸ਼ਾਮਿਲ ਹੋਣ ਦੀ ਕਦੀ ਭਾਜੀ ਨਹੀਂ ਸੀ ਪਾਉਂਦਾ, ਉਹਦੇ ਆਪਣੇ ਦੁਖਾਂ ਸੁਖਾਂ 'ਚ ਸ਼ਾਮਿਲ ਹੋਣ ਵਾਲਾ ਵੀ ਕੋਈ ਨਹੀਂ ਸੀ । ਅੰਤ ਸਮੇਂ ਜਦ ਉਸਦਾ ਘੋਰੜੂ ਵੱਜਣ ਲੱਗਾ ਤਾਂ ਉਹ ਆਪਣੀ ਅੰਤਿਮ ਗਜ਼ਲ ਦਾ ਇਹ ਸ਼ਿਅਰ

ਬਾਕੀ ਸਫ਼ਾ 53 ਤੇ

IMPORTERS EXPORTERS WHOLESALERS RETAILERS
ROKKO SAREES & FABRICS
7-5.4-CHOME. ISOBE DORI. FUKIAI KU. KOBE. JAPAN
Phone: 251-6440
OWNED AND OPERATED BY B.S. KHURANA AND SONS AND GRANDSONS

CONGRATULATIONS & BEST WISHES TO

# The Watno Dur

ON COMPLITION OF ONE YEAR



FROM

# HARPAL TOOR

OF

MELTON

FORMERLY A. E. AUSTIN

1435 Kingsway, Vancouver, B.C.

**Also offices in: Victoria,** Edmonton, Calgary, Winnipeg, Saskachewan Regina

Come and visit us for any kind of Real Estate Service.

**RES: 524-9848** **OFF:879-7571**

# ਨੌਕਰੀ

ਗੁੱਲ ਚੌਹਾਨ

ਟਰੇਨਿੰਗ ਪਿਛੋਂ ਜਿਵੇਂ ਹੀ ਉਹ ਆਪਣਾ ਬੂਹਾ ਟਪਿਆ ਸੀ ਤਾਂ ਮਾਂ ਨੇ ਉਸ ਨੂੰ ਹਿੱਕ ਨਾਲ ਘੁਟ ਲਿਆ ਸੀ। ਹੁਣ ਮੇਰਾ ਪੁੱਤ ਮਾਸਟਰ ਬਣ ਗਿਆ ਏ. ਨੀ ਸ਼ਾਨੋ ਤੁਹਾਡਾ ਵੀਰ ਆ ਗਿਆ ਜੇ .....ਨੀ ਰਾਣੋ .....! ਦੋਵੇਂ ਦੌੜੀਆਂ ਆਈਆਂ ਸਨ ਤੇ ਉਸ ਨਾਲ ਲਿਪਟ ਗਈਆਂ ਸਨ।

—ਵੀਰ ਹੁਣ ਤੂੰ ਆਪਣੇ ਪਿੰਡ ਦੇ ਮਾਸਟਰ ਵਾਂਗ ਮੁੰਡਿਆਂ ਨੂੰ ਕੁੱਟਿਆ ਕਰੇਂਗਾ ਨਾ, ਉਨ੍ਹਾਂ ਨੂੰ ਕੰਨ ਫੜਾਇਆ ਕਰੀਂ ਜਿਵੇਂ ਘੁੱਗਾ ਫੜਦਾ ਹੁੰਦਾ ਏ, ਫਿਰ ਮੁੰਡੇ ਕੁੜੀਆਂ ਤੈਨੂੰ ਵੀ ਗਾਲ੍ਹਾਂ ਕੱਢਿਆ ਕਰਨਗੇ ਵੇਖੀਂ......

ਰਾਣੋ ਇਕੋ ਸਾਹੇ ਬੋਲੀ ਜਾ ਰਹੀ ਸੀ। ਉਹ ਅੰਦਰ ਆ ਬੈਠੇ ਸਨ। ਤਦੇ ਗਲੀ 'ਚੋਂ ਕਿਸੇ ਨੇ ਵਾਜ ਦਿੱਤੀ ਸੀ, ਇਹ ਬਾਹਰ ਟਰੰਕ ਕਿਸਦਾ ਪਿਆ ਏ......

ਮਾਂ ਹੱਸ ਪਈ ਸੀ .....ਕੁੜੀਆਂ ਨੂੰ ਤਾਂ ਖੁਸ਼ੀ 'ਚ ਸਭ ਕੁਝ ਭੁੱਲ ਗਿਆ ਏ। ਕੁੜੇ ਵੀਰ ਦਾ ਟਰੰਕ ਤਾਂ ਚੁੱਕ ਲਿਆਓ—ਤਾਂ ਸ਼ਾਨੋ ਤੇ ਰਾਣੋ ਦੋਵੇਂ ਭਜ ਉਠੀਆਂ ਸਨ ਤੇ ਟਰੰਕ ਚੁਕਣ ਤੋਂ ਲੜ ਪਈਆਂ ਸਨ।

ਸਾਰੇ ਘਰ ਵਿਚ ਹਾਸਾ ਕਿੰਨਾ ਚਿਰ ਗੂੰਜਦਾ ਰਿਹਾ ਸੀ।

—ਵੀਰ ਤੂੰ ਮੈਨੂੰ ਪਹਿਲੀ ਤਨਖਾਹ ਤੇ ਵਾਲੀਆਂ ਬਣਵਾਕੇ ਦੇਣੀਆਂ ਨੇ ਤੈਨੂੰ ਯਾਦ ਏ ਨਾ।

ਸ਼ਾਨ ਕਿਉਂ ਪਿਛੇ ਰਹਿੰਦੀ।

– ਤੇ ਵੀਰ ਮੈਂ –ਤੂੰ ਭਲਾ ਮੈਨੂੰ ਕੀ ਲੈ ਕੇ ਦੇਣਾ ਏ ਪਹਿਲੀ ਤਨਖਾਹ ਤੇ ?

ਉਹ ਹੱਸ ਪਿਆ ਸੀ—ਯਾਦ ਏ

—ਕੀ ਭਲਾ......ਲੈ ਮੈਨੂੰ ਪਤਾ ਨਹੀਂ......ਕੀ ? ਦੱਸ ਵੀ।

—ਦਸੇ ਵਾਲੀ ਕੁਲਫ਼ੀ ਹੋਰ ਕੀ......। ਸ਼ਾਨੋ ਰੁਸ ਗਈ ਸੀ ! ਉਹ ਕਿੰਨਾ ਚਿਰ ਉਸਨੂੰ ਮਨਾਉਂਦਾ ਰਿਹਾ ਸੀ।

—ਤੇ ਫਿਰ ਉਸਨੇ ਡਾਕੀਏ ਨੂੰ ਆਪਣੀਆਂ ਚਿੱਠੀਆਂ ਬਾਰੇ ਪੱਕੀ ਕੀਤੀ ਸੀ ! ਮੇਰੀ ਚਿਠੀ ਮੈਨੂੰ ਹੀ ਦਿਆ ਕਰੀਂ ! ਰੁਜ਼ਗਾਰ ਦਫ਼ਤਰ ਦੀ ਚਿੱਠੀ ਆਏਗੀ ਪੀਲੇ ਰੰਗ ਦੀ ਹੁੰਦੀ ਏ। ਤੈਨੂੰ ਪਤਾ ਏ ਨਾ ਮੇਰਾ ਨਾਂ ਕਸ਼ਮੀਰ ਸਿੰਘ ਸਪੁੱਤਰ ਸੰਤੋਖ ਸਿੰਘ.........

ਬਾਦ ਵਿਚ ਕਿੰਨਾ ਚਿਰ ਉਹ ਆਪਣੇ ਬਾਪੂ ਬਾਰੇ ਸੋਚਦਾ ਰਿਹਾ ਸੀ। ਪੰਜ ਸਾਲ ਤੋਂ ਉਤੇ ਹੋ ਗਏ ਸਨ ਉਸਨੂੰ ਮਰਿਆਂ......

* * * *

ਚਾਰ ਮਹੀਨੇ ਹੋ ਗਏ ਸਨ ਇਸ ਗੱਲ ਨੂੰ ਕੋਈ ਚਿੱਠੀ ਨਹੀਂ ਸੀ ਆਈ ! ਉਹ ਜਦੋਂ ਹੀ ਕੋਈ ਹੋਰ ਕੰਮ ਕਰਨ ਬਾਰੇ ਮਾਂ ਨਾਲ ਗੱਲ ਕਰਦਾ। ਮਾਂ ਰੋਕ ਲੈਂਦੀ—ਨਾ ਪੁੱਤਰ..... ਸੋਹਣਾ ਲੱਗੇਂਗਾ ਪੜ੍ਹਿਆ ਲਿਖਿਆ ਹੋ ਕੇ ਇਹ ਕੰਮ ਕਰਦਾ !

ਰਾਣੋ ਅਗੇ ਉਸ ਨੂੰ ਰੋਜ਼ ਆ ਕੇ ਸਕੂਲ ਦੀਆਂ ਗੱਲਾਂ ਦੱਸਿਆ ਕਰਦੀ ਸੀ। ਪਰ ਹੁਣ ਉਹ ਕਦੀ ਵੀ ਕੋਈ ਗੱਲ ਨਾ ਗੌਲਦੀ......ਉਸ ਨੂੰ ਜਿਵੇਂ ਵਾਲੀਆਂ ਦਾ ਚੇਤਾ ਹੀ ਭੁਲ ਗਿਆ ਸੀ। ਉਸਨੂੰ ਲੱਗਦਾ ਜਿਵੇਂ ਮਾਂ ਵੀ ਹੁਣ ਉਸ ਨੂੰ ਪਹਿਲਾਂ ਵਾਂਗ ਨਹੀਂ ਜਾਣਦੀ. ...ਇਹ ਤਬਦੀਲੀ ਉਸਨੂੰ ਕਦੀ ਕਦੀ ਮਹਿਸੂਸ ਹੁੰਦੀ ਸੀ ਪਰ ਉਹ ਇਸਨੂੰ ਆਪਣਾ ਭੁਲੇਖਾ ਸਮਝ ਕੇ ਮਨੋਂ ਕੱਢ ਛੱਡਦਾ। ਫਿਰ ਉਸ ਨੇ ਘਰੋਂ ਬਾਹਰ ਰਹਿਣਾ ਸ਼ੁਰੂ ਕਰ ਦਿਤਾ ਜਿਵੇਂ ਕਿ ਉਸ ਨੂੰ ਆਪਣੀਆਂ ਦੋਹਾਂ ਭੈਣਾਂ ਤੇ ਆਪਣੀ ਮਾਂ ਦਾ ਚਿਹਰਾ ਡਰਾਉਣ ਲੱਗਾ ਸੀ। ਉਹ ਸਾਰਾ ਸਾਰਾ ਦਿਨ ਘਰੋਂ ਨਿਕਲਿਆ ਰਹਿੰਦਾ..... ਬਾਜ਼ਾਰ ਵਿਚ ਤਾਸ਼ ਖੇਡਦੇ ਜਦੋਂ ਕੋਈ ਉਸਨੂੰ ਟਕੋਰ ਨਾਲ ਆਖਦਾ।

—ਮਾਸਟਰ ਛੁੱਟੀਆਂ ਨੇ ਸਗੋਂ......

ਤਾਂ ਉਹ ਹੱਸ ਪੈਂਦਾ ਜਦੋਂ ਕਿ ਉਸ ਦਾ ਦਿਲ ਕਿਤੋਂ ਕੁਰੇਦਿਆਂ ਜਾਂਦਾ ਸੀ।

—ਮਾਸਟਰ ਘਰ ਈ ਹੋਈਦੈ ਅੱਜੇ ? ਭਾਉ ਨੌਕਰੀਆਂ ਕਿੱਥੇ ਲਭਦੀਆਂ ਨੇ......

* * * *

ਅੱਜ ਉਹ ਮਨ ਪੱਕਾ ਕਰਕੇ ਨਾਲ ਦੇ ਪਿੰਡ ਚਲਾ ਗਿਆ ਸੀ। ਅੱਜ ਉਹ ਸਾਰਾ ਦਿਨ ਮਜ਼ਬੀਆਂ ਨਾਲ ਕਣਕ ਵਢਾਏਗਾ......ਕਣਕਾਂ ਦੇ ਖੇਤਾਂ ਵਿਚ ਦੀ ਤੁਰਿਆ ਜਾ ਰਿਹਾ ਉਹ ਸੋਚ ਰਿਹਾ ਸੀ .. ਜਾਂ ਫਿਰ ਬਣ ਰਹੀ ਸੜਕ ਤੇ ਪੰਜ ਰੁਪਏ ਦਿਹਾੜੀ ਤੇ ਦਿਹਾੜੀਦਾਰ ਬਣ ਕੇ ਮਿੱਟੀ ਸੁੱਟੇਗਾ......ਕੰਮ ਵਿਚ ਕਿਹੜੀ ਸ਼ਰਮ ਹੈ। ਤੇ ਫਿਰ ਉਸਨੇ ਆਪਣੀ ਚਿੱਟੀ ਕਮੀਜ਼ ਵੱਲ ਵੇਖਿਆ, ਸਾਰੀ ਟਰੇਨਿੰਗ ਵਿਚ ਉਸ ਕੋਲ ਦੋ ਕਮੀਜ਼ਾਂ ਰਹੀਆਂ ਹਨ। ਇਕ ਪਾਟ ਗਈ ਏ ਤੇ ਇਕ ਇਹ......ਮਾਂ ਦੇ ਜ਼ੋਰ ਦੇਣ ਤੇ ਵੀ ਉਸ ਨੇ ਕਦੀ ਵੀ ਕਿਸੇ ਚੀਜ਼ ਲਈ ਨਹੀਂ ਸੀ 'ਹਾਂ' ਕੀਤੀ—ਉਸਨੂੰ ਪਤਾ ਸੀ ਉਸ ਦੀ ਫੀਸ ਕਿਵੇਂ ਤਾਰੀ ਜਾਂਦੀ ਹੈ ਤੇ ਹੋਸਟਲ ਦਾ ਖਰਚ ਕਿਵੇਂ..... ਮਾਂ ਕਿਵੇਂ ਮਹੀਨੇ ਬਾਅਦ ਸੌ ਰੁਪਏ ਦੇ ਮਨੀਆਰਡਰ ਤੇ ਦਸਖ਼ਤ ਕਰਿਆ ਕਰਦੀ। ਉਸਨੇ ਕਈ ਵਾਰ ਮਾਂ ਦੀਆਂ ਅੱਖਾਂ ਵਿਚ ਅੱਥਰੂ ਵੇਖੇ ਸਨ— ਇਹ ਵੀ ਦਿਨ ਆਉਣੇ ਸਨ .....ਰੁਪਏ ਉਸਦਾ ਭਰਾ ਭੇਜਿਆ ਕਰਦਾ ਸੀ ਕੋਈ ਹੋਰ ਤੇ ਨਹੀਂ।

—ਮਾਂ ਅਸੀਂ ਮਾਮੇ ਨੂੰ ਉਸ ਦੇ ਪੈਸੇ ਗਿਣ-ਗਿਣ ਕੇ ਮੋੜ ਦੇਵਾਂਗੇ ਤੂੰ ਕਿਉਂ ਫਿਕਰ ਕਰਨੀ ਏਂ।

ਉਹ ਕਈ ਵਾਰ ਮਾਂ ਨੂੰ ਆਪਣੀਆਂ ਬਾਹਾਂ 'ਚ ਲੈ ਕੇ ਆਖਿਆ ਕਰਦਾ ਸੀ।

—ਪੁੱਤ ਤੈਨੂੰ ਕੀ ਪਤੈ ਕਿਸੇ ਦੇ ਟੁਕੜਿਆਂ ਤੇ ਪਲਣਾਂ ਕਿੰਨਾ ਦੁਖਦਾਈ ਹੁੰਦਾ ਏ......ਤੇਰਾ ਬਾਪੂ ਜੀਂਦਾ ਹੁੰਦਾ ਸੀ ਤਾਂ......

ਮਾਂ ਬੁਸਕ ਪੈਂਦੀ ਸੀ। ਉਸਦੀਆਂ ਵੀ ਅੱਖੀਆਂ ਗਿੱਲੀਆਂ ਹੋ ਜਾਂਦੀਆਂ ਸਨ......

—ਉਹ ਜ਼ਰੂਰ ਕੋਈ ਕੰਮ ਕਰੇਗਾ। ਉਸਨੇ ਆਪਣੇ ਆਪ ਨੂੰ ਆਖਿਆ......ਤਾਂਹੀ ਇਕ ਸਾਈਕਲ ਉਸਦੇ ਐਨ ਕਰੀਬ ਆ ਕੇ ਰੁਕਿਆ।

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

# PAMELA

**International Travel Service**

Is pleased to announce

the opening of their branch at

VANCOUVER, B.C.

If you want to travel to Hong Kong, Japan, India, Bangkok, Singapore, Fiji, England in fact anywhere in the world

contact us

at 4877 Main Street (near 33rd Ave.)

Vancouver, B.C.

**PHONE: 876-2248**

Other offices

**LUDHIANA:**

16—17 Lajpat Rai Mkt

P.O. Box 190

**DELHI:**

2655 Bank Street

Karol Bagh

New Delhi

**HEAD OFFICE**

308 Siam Square

Bangkok, SOI 4

**For the latest film music from**

# INDIA & PAKISTAN

**tune in**

1470 ON YOUR AM DIAL

# C. J. V. B.

The radio voice of

Cosmopolitan Vancouver

## Programme

| | |
|---|---|
| THURSDAY | 8—9 P.M. |
| FRIDAY | 8—9 P.M. |
| SATURDAY | 7—9 P.M. |

**BAZM—E—ADAB**

Hosted by Mohd. Rafique

| | |
|---|---|
| SATURDAY | 9—10 P.M. |

For advertisement and other information contact Shushma 688-9931

# INTER-UNIVERSAL FOOD EMPORIUM

9369 Scott Road (12th Street)

DELTA, B.C.

**Phone: 584-7313**

All East Indian Groceries

ROTI FLOUR
DALS
Pickels
Chutneys
Makki da atta
Spices of all kinds
Fresh vegetable
and fresh mangoes

**Same day free delivery**

for purchases over $15.

STORE HOURS:

Monday thru Thursday
10.30 A.M. — 7.30 P.M.
Friday 10.30 A.M. — 9.00 P.M.
Saturday 9.00 A.M. — 6.30 P.M.
Sunday 11.00 A.M. — 3.00 P.M.

—ਧਿਆਨ ਨਾ'ਲ ਤੁਰ ਉਏ।

—ਤੇਰੇ ਪਿਓ ਦੀ ਸੜਕ ਏ ? ਜਿਵੇਂ ਮੈਂ ਮਰਜ਼ੀ ਤੁਰਾਂ

ਉਸਨੇ ਆਵਾਜ਼ ਪਛਾਣ ਲਈ ਸੀ, ਤਾਰੀ ਟੁੰਡਾ ਸੀ ਨੰਬਰਦਾਰ ਦਾ......

—ਕੀ ਗੱਲ ਉਏ ਮਿਲਣੋਂ ਗਿਲਣੋਂ ਈ ਗਿਐਂ ?

—ਤੈਨੂੰ ਪਤਾ ਨਹੀਂ ਏ ਮੈਂ ਉਦੋਂ ਦਾ ਈ ਲੱਗਾ ਹੋਇਆ ਵਾਂ ਪਰੈਲ ਪਿੰਡ ਦੇ ਪਰਾਇਮਰੀ ਸਕੂਲ 'ਚ। ਕੁਟ ਲਿਆਈ ਦੇ ਢਾਈ ਸੌ ਰੁਪਈਆ ਹਰ ਮਹੀਨੇ, ਤੂੰ ਸੁਣਾ ?

—ਮੈਂ ਤਾਂ ਯਾਰ .....ਨਾਂ ਤਾਂ ਲਿਖਵਾਇਆ ਹੋਇਆ ਹੈ। ਚਿੱਠੀ-ਚੁੱਠੀ ਨਹੀਂ ਆਈ ਕਿਸੇ ਦੀ ਅਜੇ......ਉਹ ਨਹੀਂ ਸੀ ਚਾਹੁੰਦਾ ਕਿ ਆਪਣੀ ਮਜ਼ਬੂਰੀ ਉਸਨੂੰ ਜ਼ਾਹਰ ਹੋਣ ਦੇਵੇ।

—ਤੇਰਾ ਕਿਵੇਂ ਤੋਪਾ ਭਰਿਆ ਗਿਐ ਏਨੀਂ ਛੇਤੀ ?

—ਸਾਨੂੰ ਤਾਂ ਭਾਊ ਇਹ 'ਟੁੰਡ' ਬਚਾ ਗਿਆ ਈ ਨਹੀਂ ਤਾਂ ਬੱਸ ਤੈਨੂੰ ਪਤਾ ਈ ਐ ਨਾ ਸਾਡੀ ਬੁਢੜੀ ਬੁਢੜੇ ਦਾ—ਮਾਰੇ ਜਾਣਾ ਸੀ......।

ਉਹਨੇ ਇਕ ਪਲ ਉਸਦੀ ਟੁੰਡੀ ਬਾਂਹ ਵਲ ਵੇਖਿਆ ਤੇ ਦੂਸਰੇ ਪਲ ਉਸਨੂੰ ! ਉਸਨੂੰ ਕੁਝ ਵੀ ਸਮਝ ਨਾ ਆਈ।

—ਵਿਹੰਨਾ ਕੀ ਏ ਸਾਲਿਆ ਇਸੇ 'ਟੁੰਡ' ਕਰਕੇ ਤੁਸੀਂ ਮੇਰੀ ਤੰਝ ਲਾਹ ਛੱਡਦੇ ਸੀ, ਮੈਂ ਤਾਂ ਭਾਊ......ਤੇ ਉਸਨੇ ਆਪਣੀ ਵੱਢੀ ਹੋਈ ਵੀਣੀ ਨੂੰ ਚੁੰਮ ਲਿਆ। "ਉਹ ਗਿੱਲਾਂ ਦੀ ਮੀਤੋ, ਉਹ ਜਿਹੜੀ ਸੈਕੰਡ ਈਅਰ 'ਚ ਆਪਣੇ ਨਾਲ ਹੁੰਦੀ ਸੀ—ਉਥੇ ਤੁਰੀ ਫਿਰਦੀ ਏ ਉਵੇਂ ਦੀ ਉਵੇਂ। ਤੇ 'ਜੱਟ' ਰੋਜ਼, ਉਸਦੇ ਪਿੰਡ ਜਾਂਦਾ ਏ ਪੜ੍ਹਾਉਣ ! ਵਿਹੰਦੀ ਏ ਰੋਜ਼ ਹੁਣ।

—ਪਰ ਭਾਊ ਆਪਾਂ ਅੰਧ ਤੇ ਨਹੀਂ ਜਾਣਦੇ ਹੁਣ—ਪਤਾ ਈ ਜਦੋਂ ਉਸਨੇ ਮੈਨੂੰ ਕੰਟੀਨ ਦੇ ਲਾਗੇ ਇਕ ਵਾਰ ਆਖਿਆ ਸੀ।

—ਟੁੰਡਿਆ ਅਪਣਾ ਮੂੰਹ ਤੇ ਵੇਖ ਪਹਿਲਾਂ ਸ਼ੀਸ਼ੇ 'ਚ, ਜਾਤ ਦੀ ਕੋਹੜ ਕਿਰਲੀ...!

ਤਾਰੀ ਟੁੰਡਾ ਬੋਲੀ ਜਾ ਰਿਹਾ ਸੀ !

—ਉਹ ਜਿਹੜਾ ਲੰਙਾ ਸੀ ਨਾ ਉਹ ਜਿਹੜਾ ਪਿਛੇ ਜਿਹੇ ਬੈਠਦਾ ਹੁੰਦਾ ਸੀ। ਉਹ ਵੀ ਲੱਗ ਗਿਆ ਏ। ਮਾਰਿਆ ਇਸ ਸਰਕਾਰ ਦੀ ਮਾਂ ਨੂੰ......ਲੰਙਿਆਂ ਲੂਲਿਆਂ ਨੂੰ ਫਟ ਨੌਕਰੀ ਦੇ ਦਿੰਦੀ ਏ ਤੇ ਚੰਗੇ ਭਲੇ। ਚਾਹੀਦਾ ਵੀ ਉਨ੍ਹਾਂ ਨਾਲ ਇੰਦ ਈ ਏ—ਹੈਂਡੀਕੈਪਡ ਜ਼ਿੰਦਾਬਾਦ, ਹੈਂਡੀਕੈਪਡ ਜ਼ਿੰਦਾਬਾਦ......ਉਹ ਨਾ ਚਾਹੁੰਦਾ ਹੋਇਆ ਵੀ ਹੱਸ ਪਿਆ ਸੀ।—ਚੱਲ ਨਾ ਚਾਹ ਪੀਵੀਏ—ਤੇ ਬੈਠਾਂਗੇ ਕੁਝ ਦੇਰ—ਘਰ ਆਪਣੀ ਸੇਵਾ ਹੁੰਦੀ ਵੇਖੀਂ ਹੁਣ ਤੂੰ।

......ਉਹ ਉਸ ਨਾਲ ਤੁਰ ਪਿਆ......।

ਸ਼ਾਮ ਨੂੰ ਜਦੋਂ ਉਹ ਵਾਪਸ ਆ ਰਿਹਾ ਸੀ ਤਾਂ ਬਾਰ ਬਾਰ ਅਪਣੀ ਬਾਂਹ ਨੂੰ ਵੇਖ ਰਿਹਾ ਸੀ। ਨਾਲ ਹੀ ਕਿਲਾ ਕੁ ਪਰਾਂ ਇਕ ਕਣਕ ਦੀ ਮਸ਼ੀਨ ਚੱਲ ਰਹੀ ਸੀ। ਪਿਛਲੇ ਸਾਲ ਇਸ ਵਿਚ ਇਕ ਮਜ਼ਬੀ ਦੀ ਬਾਂਹ ਆ ਕੇ ਵੱਢੀ ਗਈ ਸੀ......ਤੇ ਇਸ ਸਾਲ .....ਉਸਨੇ ਫਿਰ ਅਪਣੀ ਬਾਂਹ ਵੱਲ ਵੇਖਿਆ......ਜੇ ਉਹ ਅਪਣੀ ਬਾਂਹ ***

*** ਮਸ਼ੀਨ ਵਿਚ ਦੇ ਦੇਵੇ......।

ਰੋਂਦੀ ਹੋਈ ਮਾਂ ਦੀ ਤਸਵੀਰ ਉਸਦੀਆਂ ਅੱਖਾਂ ਅਗੋਂ ਘੁੰਮ ਗਈ। ਫਿਰ ਰਾਣੋ—ਫਿਰ ਸ਼ਾਨੋ......।

—ਵੀਰ ਤੇਰੀ ਬਾਂਹ......ਤੂੰ ਕਿਉਂ ਵੀਰ ਅਪਣੀ ਬਾਂਹ ਮਸ਼ੀਨ ਵਿਚ ਦੇ ਦਿਤੀ ਸੀ ?

—ਰਾਣੋ ਮੈਂ ਤੈਨੂੰ ਵਾਲੀਆਂ ਨਹੀਂ ਸਨ ਬਣਵਾ ਕੇ ਦੇਣੀਆਂ ?

—ਤੇ ਸ਼ਾਨੋ ਮੈਨੂੰ ਤੇਰਾ ਵੀ ਵਾਅਦਾ ਯਾਦ ਏ। ਸ਼ਾਨੋ ਤੈਨੂੰ ਮੈਂ ਜ਼ਰੂਰ ਮਸ਼ੀਨ ਲੈ ਕੇ ਦੇਵਾਂਗਾ......

ਜਦ ਉਹ ਘਰ ਪੁਜਿਆ ਤਾਂ ਚੋਖਾ ਹਨੇਰਾ ਹੋ ਚੁਕਾ ਸੀ।

# ਉਹ

ਜਸਬੀਰ ਗੁਰਮ
(New Westminister, B.C.)

ਸ਼ਾਇਦ ਉਸਦੇ ਪੈਰ ਚੱਕਰ ਸੀ। ਉਸਦੇ ਦਿਮਾਗ ਨੂੰ ਚੈਨ ਨਹੀਂ ਸੀ, ਰੂਹ ਨੂੰ ਸ਼ਾਂਤੀ ਨਹੀਂ ਸੀ। ਦਿਲ ਵਿਚ ਕਸਕ ਨਹੀਂ ਸੀ ਰਹੀ, ਨਾ ਹੀ ਤੋਰ ਵਿਚ ਮਟਕ। ਪੈਸੇ ਨੂੰ ਉਹ ਲਾਲਚ ਸਮਝਦਾ ਸੀ ਤੇ ਤੀਵੀਂ ਨੂੰ ਇਕ ਧੋਖਾ। ਧੋਖਿਆਂ ਵਿਚ ਨਾ ਪੈਣ ਲਈ, ਤੀਵੀਂ ਨੂੰ ਪਿਆਰ ਕਰਦਾ ਹੋਇਆ ਵੀ ਉਹ ਉਸ ਨੂੰ ਪਾਉਣ ਲਈ ਉਤਾਵਲਾ ਨਹੀਂ ਸੀ। ਛੋਟੀ ਜਿਹੀ ਗੁਜ਼ਰੀ ਜ਼ਿੰਦਗੀ ਵਿਚ ਉਸ ਨੇ ਕਾਫੀ ਚਮਤਕਾਰ ਵੇਖ ਲਏ ਸਨ ਅਤੇ ਬਾਕੀ ਛੋਟੀ ਜਿੰਦਗੀ ਤੋਂ ਸਿਵਾ ਉਹ ਹੋਰ ਕਿਸੇ ਚੀਜ਼ ਨੂੰ ਨਹੀਂ ਸੀ ਚਾਹੁੰਦਾ। ਭਟਕਣ ਨੂੰ ਉਹ ਆਪਣੀ ਜ਼ਿੰਦਗੀ ਵਿਚ ਪ੍ਰਮਾਤਮਾ ਦੀ ਇਕ ਅਮੁਕ ਦੇਣ ਸਮਝਦਾ ਸੀ। ਦਿਲ ਦੀ ਸ਼ਾਂਤੀ ਲਈ ਉਸਨੇ ਕਈ ਭੇਸ ਬਦਲੇ—ਸੰਤ ਬਣਿਆ, ਬਦਮਾਸ਼ ਬਣਿਆ ਅਤੇ ਇਨਸਾਨ ਬਣ ਕੇ ਵੀ ਦੇਖਿਆ; ਪਰ ਵੀਹਵੀਂ ਸਦੀ ਵਿਚ ਉਹ ਸ਼ੈਤਾਨ ਦੀ ਜ਼ਿੰਦਗੀ ਨੂੰ ਤਰਜੀਹ ਦੇ ਰਿਹਾ ਸੀ ਅਤੇ ਸੁੱਚੀ ਆਤਮਾ ਸ਼ੈਤਾਨ ਦਾ ਗਲਾਫ਼ ਚਾੜ੍ਹਕੇ ਉਹ ਦਿਨ ਕਟ ਰਿਹਾ ਸੀ। ਉਹ ਸਦਾ ਸ਼ੈਤਾਨੀ ਜ਼ਾਹਰ ਕਰਨ ਦੀ ਕੋਸ਼ਿਸ਼ ਕਰਦਾ। ਉਸਦੀ ਸਦਾ ਇਹੀ ਕੋਸ਼ਿਸ਼ ਰਹਿੰਦੀ ਕਿ ਕਿਸੇ ਨਾਦਾਨ ਨੂੰ ਭੁਲਕੇ ਉਸ ਨਾਲ ਇਸ਼ਕ ਨਾ ਹੋ ਜਾਵੇ। ਕਿਉਂਕਿ ਉਹ ਆਪਣੇ ਆਪ ਤੇ, ਕੋਸ਼ਿਸ਼ ਕਰਦਿਆਂ ਵੀ, ਕਾਬੂ ਨਹੀਂ ਸੀ ਰਖ ਸਕਦਾ। ਉਸਦੇ ਦਿਲ ਨੂੰ ਮਲੂਮ ਨਹੀਂ ਕਿਸੇ ਚੀਜ਼ ਦੀ ਸਿੱਕ ਸੀ......

ਹੁਣ ਸਦਾ ਉਸਨੂੰ ਮਨ ਵਿਚ ਖੁਸ਼ੀ ਰਹਿੰਦੀ ਜਿਸ ਤਰ੍ਹਾਂ ਕੁਝ ਲਭਣ ਵਾਲਾ ਹੋਵੇ। ਘੰਟੇ ਤੇ ਘੰਟਾ, ਦਿਨਾਂ ਤੇ ਦਿਨ, ਮਹੀਨਿਆਂ ਤੇ ਮਹੀਨੇ—ਏਥੋਂ ਤਕ ਕਿ ਹੁਣ ਤਾਂ ਸਾਲਾਂ ਦੇ ਸਾਲ ਗੁਜ਼ਰ ਚੁਕੇ ਸਨ। ਦਿਲ ਵਿਚ ਉਹੀ 'ਕਿਸੇ ਚੀਜ਼' ਲੱਭਣ ਦੀ ਖੁਸ਼ੀ ਸੀ। ਉਹ ਥਾਂ ਤੇ ਥਾਂ ਬਦਲੀ ਜਾ ਰਿਹਾ ਸੀ ਪਰ ਹਾਲੇ ਤਕ ਉਸ ਨੂੰ ਕੁਝ ਲਭਿਆ ਨਹੀਂ ਸੀ......

IMPORTERS EXPORTERS WHOLESALERS RETAILERS
ROKKO SAREES & FABRICS
S-39, GREEN PARK, NEW DELHI-16, INDIA. PHONE: 77790
OWNED AND OPERATED BY B.S. KHURANA AND SONS AND GRANDSONS

CONGRATCLATIONS AND BEST WISHES TO **THE WATNO DUR** ON COMPLETION OF ONE YEAR.

# We at MONARCH LIFE feel that the words SECURITY and LOVE go hand in hand



T. RAJ KAPAHI C.L.U.
*Unit Supervisor*
Res.: 433-3441

Why? Because, when a man worries about his family's financial future, in essense, their security, that is an expression of his love. However, we know that "financial planning" seems like a very complex term. So, we developed an analyser, which turns the words "financial planning" into a clear concise objective, or what you and your family want! . . . It's called Monogram. Are you worried about your financial security? Maybe Monogram and I can help?



RAVI MATHUR
*Representative*
Res.: 438-2307

*The*
**Monarch Life**
**ASSURANCE COMPANY**

**1520 - 777 HORNBY STREET, VANCOUVER 1, B.C. BUS. 684-5322**

# ਜਿੱਤ-ਹਾਰ



ਹਰਤਮਨ ਪੁਰੇਵਾਲ
ਕਸਟੈਨੀਆ, ਨਾਰਥ ਕੈਲੇਫੋਰਨੀਆ,

ਸੁਰਿੰਦਰ ਯੂਨੀਵਰਸਿਟੀ ਦੀ ਹਾਕੀ ਟੀਮ ਦਾ ਕੇਪਟਨ ਸੀ ਤੇ ਸੈਂਟਰ-ਹਾਫ ਖੇਡਦਾ ਸੀ। ਛਨਿਚਰਵਾਰ ਨੂੰ ਉਹਦੀ ਯੂਨੀਵਰਸਿਟੀ ਦਾ ਬੜਾ ਭਾਰੀ ਹਾਕੀ ਦਾ ਮੈਚ ਹੋ ਰਿਹਾ ਸੀ। ਉਹਦੇ ਖਿਡਾਰੀ ਦੋਸਤ ਰੇਸ਼ਮ, ਝਲਮਣ ਤੇ ਅਵਤਾਰ ਉਹਦੇ ਘਰ ਹੀ ਰਹੇ ਤਾਂ ਕਿ ਇਕਠੇ ਹੀ ਖੇਡਣ ਜਾਣ।

ਰਾਤ ਨੂੰ ਝਲਮਣ ਨੇ ਸੁਗਲ ਵਿਚ ਕਿਹਾ,

"ਬਈ ਕਲ ਨੂੰ ਤਾਂ ਸੁਰਿੰਦਰ ਕਮਾਲ ਕਰ ਦਊ ਜੇ ਇਹਦੀ ਨਰਸ ਵੀ ਆਈ ਹੋਈ ਹੋਵੇਗੀ ਤਾਂ।"

"ਹਾਂ ਭਾ ਉਹਨੂੰ ਟੇਲੀਫੂਨ ਕਰਦੇ ਕਿ ਆਪਣਾ ਦਵਾ-ਈਆਂ ਦਾ ਡੱਬਾ ਵੀ ਨਾਲ ਲੈ ਕੇ ਆਵੇ, ਮੇਰੇ ਤਾਂ ਸੱਟ ਜ਼ਰੂਰ ਲੱਗਣੀ ਹੈ", ਰੇਸ਼ਮ ਨੇ ਕਿਹਾ।

"ਤਾਂ ਤੇ ਆਪਾ ਵੀ ਸੱਟ ਲੁਆ ਲੈਣੀ ਹੈ", ਅਵਤਾਰ ਖੁਸ਼ੀ ਵਿਚ ਬੁੜਕਿਆ।

ਸੁਰਿੰਦਰ ਜ਼ਰਾ ਗੰਭੀਰ ਜਿਹਾ ਹੋ ਗਿਆ, "ਉਹ ਸ਼ਾਇਦ ਨਾ ਆਵੇ ਕਿਉਂਕਿ ਮੇਰੇ ਨਾਲ ਕੁਝ ਗੁਸੇ ਹੈ।"

"ਭੁਲ ਜਾ ਸਰਦਾਰਾ ਇਹਨਾਂ ਰੋਸਿਆਂ ਨੂੰ, ਗੁਸਾ ਵੀ ਪਿਆਰ ਦਾ ਇਕ ਅੰਗ ਹੈ। ਰੋਸੇ ਅਤੇ ਮੰਨ ਮਨਾਈਆਂ ਤੋਂ ਬਿਨਾਂ ਪਿਆਰ ਹੀ ਕਾਹਦਾ! ਹੌਸਲਾ ਰੱਖ ਉਹ ਜ਼ਰੂਰ ਆਵੇਗੀ ਨਾਲੇ ਕੱਲ ਨੂੰ ਤਾਂ ਉਹਨੂੰ ਛੁਟੀ ਹੈ।" ਝਲਮਣ ਨੇ ਧਰਵਾਸੇ ਭਰੀ ਗਲ ਕੀਤੀ।

ਸੁਰਿੰਦਰ ਨੂੰ ਕੁਝ ਸਰੂਰ ਜਿਹਾ ਆ ਗਿਆ ਤੇ ਬਾਹਾਂ ਦੀ ਅੰਗੜਾਈ ਲੈ ਕੇ ਬੋਲਿਆ, "ਜੇ ਕਲ ਨੂੰ ਦੀਪਾ ਵੇਖਣ ਆਈ ਹੋਈ ਹੋਵੇ ਤਾਂ ਮੈਂ ਲੋਹੇ ਦੀ ਦੀਵਾਰ ਬਣ ਜਾਵਾਂਗਾ, ਮਜ਼ਾਲ ਹੈ ਕਿ ਬਾਲ ਆਪਣੇ ਫੁਲ ਬੈਕਾਂ ਤੱਕ ਵੀ ਪਹੁੰਚੇ। ਦੀਪਾਂ ਦੇ ਹੁੰਦਿਆਂ ਤਾਂ ਜੇ ਰਬ ਵੀ ਅੱਗੇ ਆ ਜਾਵੇ ਤਾਂ ਉਹਨੂੰ ਵੀ ਵਖਤ ਪਾ ਦਊਂ।"

ਛਨਿਚਰਵਾਰ ਨੂੰ ਉਹ ਚਾਰੇ ਦੋਸਤ ਤਿਆਰ ਹੋ ਕੇ ਕਾਰ ਵਿਚ ਗਰਾਊਂਡ ਵਲ ਨੂੰ ਤੁਰ ਪਏ। ਸੜਕ ਦੀਪਾਂ ਦੇ ਘਰ ਦੇ ਅੱਗੇ ਦੀ ਲੰਘਦੀ ਸੀ। ਉਹਨਾਂ ਦੇ ਘਰ ਅਗੇ ਕੁਝ ਭੀੜ ਸੀ ਤੇ ਸੁਰਿੰਦਰ ਨੂੰ ਕਾਰ ਰੋਕਣੀ ਪਈ। ਭੀੜ ਦਾ ਦ੍ਰਿਸ਼ ਵੇਖ ਕੇ ਚੌਹਾਂ ਦੇ ਹੱਥਾਂ ਦੇ ਤੋਤੇ ਉਡ ਗਏ। ਦੀਪਾਂ ਦਾ ਵਿਆਹ ਹੋ ਚੁਕਾ ਸੀ, ਉਹ ਆਪਣੇ ਸਾਥੀ ਦਾ ਪੱਲਾ ਫੜੀ ਜਾ ਰਹੀ ਸੀ।

ਸੁਰਿੰਦਰ ਇਕ ਦਮ ਕਾਰ 'ਚੋਂ ਨਿਕਲਿਆ ਤੇ ਭੀੜ ਚੀਰ ਕੇ ਦੀਪਾਂ ਦੇ ਅਗੇ ਜਾ ਖੜਾ ਹੋਇਆ। ਮਗਰ ਹੀ ਬਾਕੀ ਜਣੇ ਜਾ ਰਲੇ। ਸਾਰੇ ਹੈਰਾਨ ਸਨ। ਚੌਹਾਂ ਡਕਰਿਆਂ ਵਰਗੇ ਗਭਰੂਆਂ ਨੂੰ ਦੇਖ ਕੇ ਕਿਸੇ ਦਾ ਹੌਸਲਾ ਨਾ ਪਿਆ ਕਿ ਸੁਰਿੰਦਰ ਤੇ ਕੋਈ ਸਵਾਲ ਕਰਦਾ।

ਦੀਪਾਂ ਤੇ ਉਹਦੇ ਮਾਪਿਆਂ ਦੀਆਂ ਅੱਖਾਂ ਨੀਵੀਆਂ ਸਨ ਕਿਉਂਕਿ ਸੁਰਿੰਦਰ ਉਹਨਾਂ ਦੀ ਇਜਾਜ਼ਤ ਨਾਲ ਦੀਪਾਂ ਨੂੰ ਕਈਆਂ ਚਿਰਾਂ ਤੋਂ ਮਿਲਦਾ ਆ ਰਿਹਾ ਸੀ। ਉਸਨੂੰ ਕੁਝ ਸਮਝ ਨਹੀਂ ਸੀ ਆ ਰਹੀ। ਉਹ ਦੀਪਾਂ ਵਲ ਬਿਟ ਬਿਟ ਤਕ ਰਿਹਾ ਸੀ ਪਰ ਪੱਥਰ ਦੀ ਤਰਾਂ ਚੁਪ ਸੀ। ਉਹ ਅੱਖਾਂ ਨਾਲ ਹੀ ਦੀਪਾਂ ਤੋਂ ਲੱਖਾਂ ਸਵਾਲ ਪੁਛ ਰਿਹਾ ਸੀ।

ਉਹਨੂੰ ਬੀਤੀ ਦਾ ਇਕ ਸੁਪਨਾ ਜਿਹਾ ਆਉਣ ਲਗ ਪਿਆ ਕਿ ਇਹ ਕਿਹਾ ਕਰਦੀ ਸੀ ਕਿ ਮੈਂ ਇਹਦਾ ਰਬ ਹਾਂ ਤੇ ਇਹ ਮੇਰੀ ਫੋਟੋ ਦੇ ਰੋਜ਼ ਫੁਲਾਂ ਦਾ ਹਾਰ ਪਾ ਕੇ ਮੇਰੀ ਪੂਜਾ ਕਰਿਆ ਕਰਦੀ ਸੀ। ਇਹ ਘੰਟਿਆਂ ਬੱਧੀ ਮੇਰੀਆਂ ਬਾਹਾਂ ਵਿਚ ਪਈ ਰਿਹਾ ਕਰਦੀ ਸੀ। ਅਸੀਂ ਆਪਣੇ ਭਵਿਖ ਦੀਆਂ ਕਿੰਨੀਆਂ ਹੀ ਸਕੀਮਾਂ ਬਣਾਈਆਂ ਹੋਈਆਂ ਸਨ। ਇਹਦੇ ਮਾਂ ਬਾਪ ਨੂੰ ਸਾਡਾ ਸੰਗਮ ਮਨਜ਼ੂਰ ਸੀ।

ਉਹ ਸ਼ਾਮ ਦੇ ਹਨੇਰਿਆਂ ਵਿਚ ਬਾਂਹ 'ਚ ਬਾਂਹ ਪਾਈ ਸੈਰ ਨੂੰ ਜਾਇਆ ਕਰਦੇ ਸਨ, ਮੇਰੀ ਹਿਕ ਤੇ ਸਿਰ ਰਖ ਕੇ ਇਹ ਮੇਰੇ ਤੋਂ ਗੀਤ ਸੁਣਿਆ ਕਰਦੀ ਸੀ। ਉਹ ਕਿਸ ਤਰਾਂ ਇਹਨੂੰ ਦਸ ਮੀਲਾਂ ਤੇ ਬਰਫ ਲੱਦੀਆਂ, ਮੀਂਹ ਹਨੇਰੀ ਵਾਲੀਆਂ ਸੀਤ ਰਾਤਾਂ ਮਿਲਣ ਜਾਇਆ ਕਰਦਾ ਸੀ, ਕਦੀ ਕਦੀ ਛੇਕੜਲੀ ਬਸ ਖੁੰਜ ਜਾਇਆ ਕਰਦੀ ਸੀ ਤੇ ਉਹ ਟੈਕਸੀ ਜਾਂ ਨਾਈਟ ਸਰਵਿਸ ਦੀ ਬਜਾਏ ਦੌੜ ਕੇ ਆਇਆ ਕਰਦਾ ਸੀ। ਸ਼ਾਇਦ ਉਹਨੂੰ ਇਸ਼ਕ ਦਾ ਨਸ਼ਾ ਹੁੰਦਾ ਸੀ ਜਾਂ ਇਹ ਉਹਦੇ ਵਿਸ਼ਵਾਸ਼ ਦੀ ਸਭ ਤੋਂ ਵਧ ਪ੍ਰਤੀਕ ਥਾਂ ਸੀ ਜਿਥੋਂ ਪੈਦਲ ਆਉਣ ਵਿਚ ਉਹਨੂੰ ਖੁਸ਼ੀ ਹੁੰਦੀ ਸੀ।

ਉਹ ਪਾਰਕਾਂ ਯਾਦ ਆਉਣ ਲਗੀਆਂ, ਜਿਹਨਾਂ ਦੇ ਹਸਦੇ ਫੁਲਾਂ ਸਾਹਮਣੇ ਦੀਪਾਂ ਨੇ ਜ਼ਿੰਦਗੀ ਦੇ ਵਾਇਦੇ ਕੀਤੇ ਸਨ। ਉਹ ਤਾਰਿਆਂ ਭਰੀਆਂ ਰਾਤਾਂ ਚੇਤੇ ਆਈਆਂ ਜਿਹਨਾਂ ਦੀ ਚਾਨਣੀ ਵਿਚ ਉਹ ਦੀਪਾਂ ਦੀਆਂ ਜ਼ੁਲਫ਼ਾਂ ਵਿਚ ਉਲਝ ਗਿਆ ਸੀ। ਅਜੇ ਪਤਾ ਨਹੀਂ ਸੁਪਨਾ ਕਿਡਾ ਕੁ ਲੰਮਾ ਜਾਂਦਾ ਕਿ ਦੀਪਾਂ ਨੇ ਆਖਿਆ,

"ਸੁਰਿੰਦਰ ਮੇਰਾ ਰਾਹ ਛਡਦੇ ਤੇ ਚਲਾ ਜਾ।"

ਕੁਝ ਅਗੇ ਜਾ ਚੁਕੇ ਬਰਾਤੀ ਵੀ ਵਾਪਸ ਆ ਗਏ ਸਨ ਤੇ ਪ੍ਰਾਹੁਣੇ ਨੇ ਕੁਝ ਹੋਰ ਸਾਥੀ ਵੀ ਸਦ ਲਏ ਸਨ। ਬਰਾਤੀ-ਆਂ ਦਾ ਗੁਸਾ ਵੇਖਕੇ ਝਲਮਣ ਅਗੇ ਹੋਇਆ ਤੇ ਕਹਿਣ ਲਗਾ

"ਸੁਰਿੰਦਰ ਕਹੇਂ ਤਾਂ ਇਹਨੂੰ ਇਥੋਂ ਹੀ ਚੁਕ ਲੈ ਚਲੀਏ।"

ਦੀਪਾਂ ਨੇ ਸਹਿਮੀਆਂ ਅੱਖਾਂ ਨਾਲ ਸੁਰਿੰਦਰ ਵੱਲ ਤਕਿਆ। ਸੁਰਿੰਦਰ ਨੇ ਆਪਣੇ ਸਾਥੀਆਂ ਨੂੰ ਸਿਰ ਫੇਰਿਆ ਤੇ ਅੱਖਾਂ ਵਿਚੋਂ ਦੋ ਅਥਰੂ ਕਿਰ ਗਏ। ਉਸਨੇ ਕੋਟ ਲਾਹਿਆ ਕਮੀਜ਼ ਦੀ ਖਬੀ ਬਾਂਹ ਉਤਾਂਹ ਚੜ੍ਹਾ ਕੇ ਡੌਲੇ ਨਾਲੋਂ ਇਕ ਜੰਜ਼ੀਰੀ ਵਾਲਾ ਛੋਟਾ ਜਿਹਾ ਤਵੀਤ ਖੋਲਿਆ ਤੇ ਦੀਪਾਂ ਦੇ ਗਲ ਵਿਚ ਪਾ ਦਿਤਾ।

"ਰਬ ਇਸ ਜੋੜੀ ਨੂੰ ਦੋਹਾਂ ਜਹਾਨਾਂ ਦੀਆਂ ਖੁਸ਼ੀਆਂ ਬਖਸ਼ੇ" ਕਹਿ ਕੇ ਉਹ ਸੜਕ ਤੋਂ ਪਾਰ ਹੋ ਗਿਆ।

ਇਹ ਉਹੋ ਤਵੀਤ ਸੀ ਜੋ ਇਕ ਦਿਨ ਦੀਪਾਂ ਨੇ ਆਪਣੇ ਗਲ ਚੋਂ ਲਾਹ ਕੇ ਸੁਰਿੰਦਰ ਨੂੰ ਨਿਸ਼ਾਨੀ ਦਿਤਾ ਸੀ ਤੇ ਉਹ ਹਮੇਸ਼ਾ ਖੇਡਣ ਲਗਾ ਇਸ ਨੂੰ ਆਪਣੇ ਡੌਲੇ ਨਾਲ ਬੰਨ੍ਹ ਕੇ ਰਖਦਾ ਸੀ।

ਉਹ ਇਸ ਤਰਾਂ ਮਹਿਸੂਸ ਕਰ ਰਿਹਾ ਸੀ ਜਿਵੇਂ ਕੋਈ ਅਚਾਨਕ ਤੂਫਾਨ ਆਇਆ ਤੇ ਉਹਦਾ ਸਭ ਕੁਝ ਰੁੜ੍ਹਾ ਕੇ ਲੈ ਗਿਆ ਸੀ, ਸਿਰਫ ਇਕ ਬੁਤ ਹੀ ਛੱਡ ਗਿਆ ਸੀ। ਉਹ ਨੇ ਸਾਥੀਆਂ ਨੂੰ ਕਿਹਾ, "ਤੁਸੀਂ ਮੈਚ ਖੇਡ ਆਵੋ ਮੈਨੂੰ ਘਰ ਛੱਡ ਆਵੋ, ਮੈਂ ਤਾਂ ਬਿਨਾਂ ਖੇਡਿਆ ਹੀ ਹਾਰ ਗਿਆ ਹਾਂ।"

SALES·SERVICE·
of
Stereos — Car Stereos
T.V. Black & White — Colour
Radio & Cassette Player — Clock Radio
At
GILL
SALES
4525 Main Street -
- Vancouver, B.C.
Off.: 872-8478
Mobile: 6M46
Res.: 435-4504

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

CONGRATULATIONS AND BEST WISHES TO

**THE WATNO DUR**

on completion of one year from

# EAST-WEST FILMS LIMITED

**VANCOUVER, B.C.**

*The exclusive distributors in North America of Hindi and Punjabi movies.*

Inquiries welcome. No obligation.

PHONE: 874-8867 OR 438-4884

# ECTA AUTO SERVICE

**5587 Imperial Street, Burnaby, B.C.**

**PHONE: 434-4110**

Front end alignment expert
we specialise in repairs of American and
imported cars including Citroen
and Peugeot

## ਐਕਟਾ ਆਟੋ ਸਰਵਿਸ

5587 ਇਮਪੀਰੀਅਨ ਸਟਰੀਟ,
ਬਰਨਬੀ, ਬੀ. ਸੀ.

ਫੋਨ: 434-4110

ਜਿਹੜੇ ਫਰੰਟ ਇੰਡ ਅਲਾਈਂਨਮੈਂਟ ਦੇ ਮਾਹਰ ਹਨ, ਅਮਰੀਕਨ ਤੇ ਇਮਪੋਰਟਿਡ ਕਾਰਾਂ (ਸਿਟਰਨ ਤ ਪਿਊਜਟ) ਦੀ ਹਰ ਕਿਸਮ ਦੀ ਮੁਰੰਮਤ ਤਸੱਲੀ ਬਖਸ਼ ਕਰਦੇ ਹਨ।

FOR EMERGENCY CALL

**In Surrey 581-0823 In Burnaby & Vancouver 437-6883**

We honour Chargex and Master Charge

# ਕੌੜਾ ਸੱਚ

**ਤੇਜ ਭੰਮੀਪੁਰੀ**
Fort St. John, B. C.

ਘੁੱਗ ਵਸਦੇ ਸ਼ਹਿਰ ਦੀ ਰੌਣਕ ਤੋਂ ਪੰਜਾਹ-ਸੱਠ ਮੀਲ ਦੂਰ, ਜੰਗਲ 'ਚ ਇਹ ਕੈਂਪ ਹੈ। ਰੇਲ 'ਚ ਕੰਮ ਕਰਦੇ ਕਾਮਿਆਂ ਦਾ ਕੈਂਪ। ਉਂਜ ਤਾਂ ਇਸ ਵਿਚ ਵੀਹ ਬੰਦੇ ਰਹਿ ਸਕਦੇ ਹਨ, ਪਰ ਸਿਰਫ਼ ਹਾੜਾਂ 'ਚ ਕੰਮ ਦੇ ਜ਼ੋਰ ਮੌਕੇ ਹੀ ਇਹ ਬੰਦੇ ਪੂਰੇ ਹੁੰਦੇ ਹਨ। ਜਿਉਂ ਜਿਉਂ ਠੰਢ ਉਤਰਨੀ ਸ਼ੁਰੂ ਹੋ ਜਾਂਦੀ ਹੈ, ਹੌਲੀ ਹੌਲੀ ਗੋਰੇ, ਪੁਰਤਗੇਜ਼ੀ ਖਿਸਕਣੇ ਸ਼ੁਰੂ ਹੋ ਜਾਂਦੇ ਹਨ। ਕਾਰਨ ਵੱਡੇ ਦੋ ਹੀ ਹੁੰਦੇ ਹਨ, ਪੈਸੇ ਘਟ ਬਣਦੇ ਹਨ. ਓਵਰ-ਟਾਈਮ ਨਹੀਂ ਲਗਦਾ।

ਫਿਰ ਵੀ ਕੁਝ ਬੰਦੇ ਤਾਂ ਕੰਪਨੀ ਨੇ ਰਖਣੇ ਹੀ ਹੁੰਦੇ ਹਨ। ਰਹਿ ਜਾਂਦੇ ਹਨ ਸਿਰਫ਼ ਪੰਜਾਬੀ, ਜਿਹੜੇ ਜਿਥੇ ਝੰਡੇ ਗੱਡ ਦੇਣ ਛੇਤੀ ਕੀਤੇ ਪੱਟਦੇ ਨਹੀਂ। ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਮਜਬੂਰੀਆਂ ਨਹੀਂ ਪੱਟਣ ਦਿੰਦੀਆਂ; ਅਪੀਲਾਂ 'ਚ ਕੇਸ ਹਨ, ਜਿਨ੍ਹਾਂ ਦਾ ਕੋਈ ਨਿਰਨਾ ਨਹੀਂ ਹੋਇਆ, ਜੇ ਕਿਤੇ ਹੋਰ ਵੀ ਜਾਂਦੇ ਹਨ, ਵੀਜ਼ਾ ਆਦਿ ਦਾ ਝੰਜਟ ਖੜਾ ਰਹਿੰਦਾ ਹੈ।

ਸਿਆਲ ਦੀ ਠੰਢ ਆਪਣੇ ਜੋਬਨ ਤੇ ਆ ਜਾਂਦੀ ਹੈ. ਬਰਫ਼ ਪੈਂਦੀ ਹੈ; ਜਾਂ ਫਿਰ ਠੰਢੀ ਤੇਜ਼ ਹਵਾ ਚਲਦੀ ਹੈ। ਤਾਪਮਾਨ ਚਾਲੀ ਦਰਜ਼ੇ ਤਕ ਵੀ ਡਿੱਗ ਪੈਂਦਾ ਹੈ ਕਾਮਿਆਂ ਨੇ ਸਿਰਫ ਅੱਠ ਘੰਟੇ ਹੀ ਪੂਰੇ ਕਰਨੇ ਹੁੰਦੇ ਹਨ, ਜ਼ਿਆਦਾ ਕੰਮ ਰੇਲਵੇ ਲਾਈਨ ਦੀ ਪੈਟਰੋਲਿੰਗ ਜਾਂ ਕਾਂਟਿਆਂ 'ਚੋਂ ਬਰਫ਼ ਬਾਹਰ ਕੱਢਣੀ ਹੀ ਹੁੰਦੀ ਹੈ। ਏਨਾਂ ਕੰਮ ਹੀ ਨੱਕ-ਜਿੰਦ ਲਿਆ ਦਿੰਦਾ ਹੈ। ਦਾਹੜੀਆਂ ਵਾਲਿਆਂ ਦੀਆਂ ਦਾਹੜੀਆਂ ਬਰਫ਼ ਜੰਮ ਜੰਮ ਕੇ ਚਿੱਟੀਆਂ ਹੋ ਜਾਂਦੀਆਂ ਹਨ। ਕਈਆਂ ਦੇ ਨੱਕ ਜਿਆਦਾ ਠੰਢ ਮੰਨਦੇ ਹਨ। ਕਈ ਟੱਪਦੇ ਹਨ ਜਿਵੇਂ ਭਰਿੰਡ ਲੜਦੇ ਹੋਣ, ਕਿਉਂਕਿ ਪੈਰ ਅੰਤਾਂ ਦੇ ਠਰਦੇ ਹਨ।

ਪੰਜ ਦਿਨ ਕੰਮ ਕਰਨ ਤੋਂ ਬਾਅਦ ਸਨਿੱਚਰ-ਐਤਵਾਰ ਦੀ ਛੁੱਟੀ ਆ ਜਾਂਦੀ ਹੈ। ਅਕਾਊ ਵਾਤਾਵਰਣ ਖਾਣ ਨੂੰ ਆਉਂਦਾ ਹੈ। ਗਿੱਦੜ, ਮੂਸ ਤੇ ਰਿੱਛਾਂ ਤੋਂ ਬਿਨਾਂ ਕੋਈ ਆਦਮੀ ਵੀ ਨਜ਼ਦੀਕ ਨਜ਼ਰ ਨਹੀਂ ਆਉਂਦਾ। ਸ਼ਹਿਰ ਜਾਣਾ ਵੀ ਮਹਿੰਗਾ ਪੈਂਦਾ ਹੈ ਕਿਉਂਕਿ ਕਾਰ ਪੰਜਾਂ-ਛੇਆਂ ਮੁੰਡਿਆਂ 'ਚੋਂ ਕਿਸੇ ਕੋਲ ਵੀ ਨਹੀਂ ਹੈ।

ਠੰਢ 'ਚ ਬਾਹਰ ਨਿਕਲਣ ਨਾਲੋਂ ਅੰਦਰ ਹੀ ਬ'ਹਿ ਰਹਿੰਦੇ ਹਨ। ਹਾਂ, ਜਿਸ ਦਿਨ ਮੌਸਮ ਕੁਝ ਚੰਗਾ ਹੋਵੇ, ਸਟੋਰ ਜ਼ਰੂਰ ਜਾ ਆਉਂਦੇ ਹਨ। ਇਹ ਸਟੋਰ ਹੈ ਕੁਝ ਕੁ ਕਿਸਾਨਾਂ ਦਾ, ਕੈਂਪ ਤੋਂ ਘਟੋ-ਘਟ ਡੇਢ ਮੀਲ ਉਤੇ। ਦਸ ਪੰਦਰਾਂ ਕਿਸਾਨਾਂ ਦੇ ਘਰ ਹਨ। ਉਹਨਾਂ ਨੇ ਆਪਣੀ ਸਹੂਲਤ ਨੂੰ ਸਾਂਝਾ ਸਟੋਰ ਖੋਹਲ ਰਖਿਆ ਹੈ। ਇਕ ਸੋਲ੍ਹਾਂ ਕੁ ਸਾਲ ਦੀ ਕੁੜੀ ਸਟੋਰ ਤੇ ਰੋਜ਼ ਡਿਊਟੀ ਦਿੰਦੀ ਹੈ। ਕੁਝ ਕਿਸਾਨ ਔਰਤਾਂ ਵੀ ਸਟੋਰ 'ਚ ਆ ਬੈਠਦੀਆਂ ਹਨ। ਬੱਚਿਆਂ ਦੇ ਸਕੂਲ ਦੀ ਮਾਸਟਰਾਣੀ ਵੀ ਉਥੇ ਵਿਹਲੇ ਸਮੇਂ ਆ ਬੈਠਦੀ ਹੈ। ਉਹ ਵੀ ਬੜੇ ਖਿੱਚ ਭਰਪੂਰ ਚਿਹਰੇ ਵਾਲੀ ਨੌਜਵਾਨ ਕੁੜੀ ਹੈ।

ਛੁੱਟੀ ਦੇ ਦਿਨ ਹਨ। ਨਾਸ਼ਤਾ ਖਾਕੇ ਸਾਰੇ ਇਕ ਕਮਰੇ 'ਚ ਬੈਠੇ ਹਨ। ਬੋਤਲ ਮੇਜ ਤੇ ਖੁੱਲੀ ਪਈ ਹੈ। ਟੇਪ ਤੇ ਇਕ ਪੰਜਾਬੀ ਅਸ਼ਲੀਲ ਗਾਣਾ ਚਲ ਰਿਹਾ ਹੈ।

"ਪੀਓ ਓਏ, ਬੁੜੀ ਮਾਂ,......ਇਉਂ ਤਾਂ ਨੀ ਇਹ ਮੁੱਕਣੀ।" ਚਾਚਾ ਗਲਾਸ ਚੁੱਕਦਾ ਬੋਲਿਆ। ਚਾਚੇ ਦੀ ਉਮਰ ਅੱਧੇ ਧੌਲੇ ਦਿਖਾ ਰਹੀ ਹੈ। ਉਹ ਛੜਾ ਹੈ। ਆਪਣੇ ਕਿਸੇ ਰਿਸ਼ਤੇਦਾਰ ਕੋਲ ਆਇਆ ਸੀ। ਕੇਸ ਅਪੀਲ 'ਚ ਪੈ ਗਿਆ। ਉਹ ਆਪਣੇ ਆਪ ਨੂੰ ਚਾਚਾ ਕਹਾਕੇ ਬੜਾ ਖੁਸ਼ ਹੁੰਦਾ ਹੈ। ਚਾਚੇ ਦੀ ਦੇਸ਼ ਵਿਚ ਵੀ ਜ਼ਿੰਦਗੀ ਬੜੀ ਦਿਲਚਸਪ ਸੀ। ਉਸ ਨੇ ਆਪਣੀ ਸਾਰੀ ਜਾਇਦਾਦ ਇਕ ਤਾਰੂ ਔਰਤ ਦੇ ਢਿੱਡ 'ਚ ਪਾ ਦਿਤੀ ਸੀ। ਕਦੇ ਕਦੇ ਉਹ ਪੀਕੇ ਆਪਣਾ ਕਿੱਸਾ ਬੜੇ ਮਸਲੇ ਲਾ ਲਾ ਸੁਣਾਉਂਦਾ ਹੁੰਦਾ ਹੈ।

"ਦੇਖ ਚਾਚਾ, ਅੱਜ ਸ਼ਰਾਬੀ ਨੀ ਹੋਣਾ, ਸਟੋਰ ਚਲਣਾ-ਤੈਨੂੰ ਘੁੱਗੀ ਦਿਖਾ ਕੇ ਲਿਆਉਣੀ ਹੈ।"

ਪਿਆਰਾ ਮਿੰਦੀ ਨੂੰ ਅੱਖ ਮਾਰ ਕੇ ਹੱਸ ਪਿਆ। ਚਾਚੇ ਨੇ ਬੁੱਲ੍ਹਾਂ ਤੇ ਜੀਭ ਫੇਰੀ ਜਿਵੇਂ ਘੁੱਗੀ ਸ਼ਬਦ ਸੁਣਦਿਆਂ ਹੀ ਉਸ ਨੂੰ ਅਨੋਖਾ ਸੁਆਦ ਆਇਆ ਹੋਵੇ। "ਮੁੰਡਿਓ ਗੱਲ ਇਹ ਆ, ਮੈਂ ਪੱਟ ਲੈਣੀ ਆਂ — ਥੋਡੀ ਹਾਨੀ ਹੋ ਜੁ — ਇਹ ਗੋਰੀਆਂ ਨੂੰ ਤਾਂ ਮਿੰਟ ਲਾਈਦਾ — ਚਾਰ ਸਾਲ ਏਹੀ ਪਿੱਟਣੇ ਕੀਤੇ ਆ ਪਹਿਲਾਂ ਕਨੇਡਾ 'ਚ।"

ਚਾਚਾ ਮੁੱਛਾਂ ਨੂੰ ਤਾਅ ਦਿੰਦਾ ਮੁਸਕਰਾਇਆ। 'ਚੋਰਿਆ, ਅੰਗਰੇਜ਼ੀ ਕਿਵੇਂ ਬੋਲੇਂਗਾ?" ਦਾਸ਼ੇ ਤੋਂ ਰਿਹਾ ਨਾ ਗਿਆ ਜਿਹੜਾ ਹੁਣ ਤਕ ਮੰਜੇ ਤੇ ਪਿਆ ਸੀ "ਬੱਚੂ, ਤੁਸੀਂ ਕਾਹਦੇ ਵਾਸਤੇ ਹੋ ਨਾਲ?" ਫਿਰ ਉਹ ਗੰਭੀਰ ਹੋਕੇ ਬੋਲਿਆ, "ਦਾੜ੍ਹੀ ਦੀ ਸੌਂਹ, ਜੇ ਕਿਤੇ ਅੰਗਰੇਜ਼ੀ ਆਉਂਦੀ ਹੁੰਦੀ ਇੰਗਲੈਂਡ ਦੀ ਮਲਕਾ ਨੂੰ ਵੀ।' ਉਸ ਮੁੱਛਾਂ ਛੱਡ ਬੋਤਲ ਚੁਕ ਲਈ ਸਾਰੇ ਹੱਸ ਪਏ।

"ਸਾਨੂੰ ਤਾਂ ਸਾਲੀ ਆਹੀ ਨੀ ਜਿਊਣ ਦਿੰਦੀ।"

ਟੇਪ ਦੀ ਗਾਇਕਾ ਦਾ ਨਾਮ ਲੈ ਕੇ ਜੀਤਾ ਬੋਲਿਆ। "ਫਿਕਰ ਨਾ ਕਰ, ਏਹਦਾ ਵੀ ਖਾੜਾ ਲਿਆਵਾਂਗੇ — ਨੋਟਾਂ ਦਾ ਮੀਂਹ ਵਰ੍ਹਾ ਦਿਆਂਗੇ ਉੱਤੋਂ ਦੀ ਸਚ ਯਾਰ, ਇਹ ਵੀ ਪੀ ਲੈਂਦੀ ਹੋਣੀ ਏਂ ਘੁੱਟ।" ਮਿੰਦੀ ਦੀਆਂ ਅੱਖਾਂ 'ਚ ਸ਼ਰਾਰਤ ਸੀ।

"ਸ਼ਾਮਲਾਟਾਂ ਈ ਹੁੰਦੀਆਂ ਇਹ ਤਾਂ, ਪਰ ਹੁਣ ਐਨੇ ਪੈਸੇ ਕਮਾਕੇ ਕਿਸੇ ਐਕਟਰੈਸ ਨਾਲ ਯਾਰੀ ਲਾਉਣੀ ਹੈ।" ਦਿਆਲਾ ਫਿਲਮਾਂ ਦਾ ਸ਼ੌਕੀਨ ਸੀ। ਐਕਟਰੈਸਾਂ ਨਾਲੋਂ ਵਧ ਉਹ ਕੁਝ ਸੋਚ ਹੀ ਨਹੀਂ ਸਕਦਾ।

"ਪੁੱਤਰਾ ਜੀਹਨੂੰ ਵਿਆਹ ਕੇ ਛੱਡ ਆਇਆਂ, ਜੇ ਉਹਨੇ ਕਿਤੇ ਹੋਰ ਲਾ ਲੀ।" ਚਾਚਾ ਦਿਆਲੇ ਨੂੰ ਪੈ ਨਿਕਲਿਆ। ਦਿਆਲਾ ਇਕ ਦਮ ਪਾਈਏ ਕੁ ਦਾ ਰਹਿ ਗਿਆ। ਉਹ ਤਾਂ ਇਕ ਰਕਮ ਦਾ ਭੁਲ ਹੀ ਗਿਆ ਸੀ ਆਪਣੀ ਹੀਰ ਨੂੰ। ਭੁੱਲੇ ਵੀ ਕਿਵੇਂ ਨਾ ਮਹੀਨਾ ਤਾਂ ਹੋਇਆ ਸੀ ਵਿਆਹ ਹੋਏ ਨੂੰ ਜਦੋਂ ਕੈਨੇਡਾ ਆ ਗਿਆ। ਪੂਰੇ ਤਿੰਨ ਸਾਲ ਹੋ ਗਏ ਸਨ ਕੇਸ ਨਹੀਂ ਸੀ ਨਿਬੜਦਾ। ਚਿੱਠੀਆਂ ਦਾ ਤਾਂ ਹੀਰ ਵਲੋਂ ਥੋੜਾ ਆਉਂਦਾ। ਉਹ ਚਾਰ ਆਉਣ ਬਾਅਦ ਇਕ ਜਵਾਬ ਦੇ ਛੱਡਦਾ, ਅੰਦਰੋਂ ਉਹ ਭੁੱਬਲ ਹੋਇਆ ਪਿਆ ਸੀ।

IMPORTERS EXPORTERS WHOLESALERS RETAILERS
ROKKO SAREES & FABRICS
6201 FRASER ST., (At 46th Ave.) PHONE!
VANCOUVER-15, B.C, CANADA. 327-3033
OWNED AND OPERATED BY B.S. KHURANA AND SONS AND GRANDSONS

**LISTEN TO**

**Your Favourite Hindi and Punjabi Radio Program**

**INDIA TODAY AND TOMORROW**

on

**KERI FM STEREO 104.3 mHz**

**Cablevision 90.7 FM**

Every Wednesday 6:00 p.m. to 7:00 p.m.
Every Thursday 6:00 p.m. to 7:00 p.m.
Every Friday 6:00 p.m. to 7:00 p.m.
Every Saturday 10 a.m. to 12 noon – 6 p.m. to 7 p.m.
Every Sunday 8 am. to 9:30 a.m. – 2 p.m. to 8 p.m.

**The programme consists of latest Indian music, cultural programme, also news from India and local community.**

We will be happy to provide the opportunity to any member of the community to offer felicititious message to friends and relatives on auspicious occasions such as marriages, birthdays, etc.

We will also welcome businessmen and firms who wish to advertise their services and products. Interested parties may phone or write for further information on advertising rates and advice in making up the best possible advertisement for you.

## Sponsored By

# INDIA NEWS AND VIEWS

PUBLICATION SERVING NORTH AMERICA SINCE 1954

OFFICE:
2202 Main Street
Vancouver, B.C.
Canada

TELEPHONE:
873-3878 - 9

MAILING ADDRESS:
P.O. Box 24658
Vancouver, B.C. V5T 4E2
Canada

"ਹਾੜੇ, ਚਾਚਾ ਜ਼ਖ਼ਮਾਂ ਤੇ ਨਾ ਮਾਰਿਆ ਕਰ।"

ਮੁੰਡਾ ਨਿਰੀ ਤਰਸ ਦੀ ਮੂਰਤ ਬਣ ਗਿਆ।

"ਨਾ-ਨਾ ਜੇ ਝੂਠੀਆਂ ਤਾਂ ਪੱਲੇ ਪਾ ਦੇ।" ਚਾਚਾ ਜੇਤੂ ਅਦਾ 'ਚ ਝੂਮ ਰਿਹਾ ਸੀ।

"ਤਿਆਰ ਹੋ ਸਟੋਰ ਚਲੀਏ, ਨਾਲੇ ਕੁਝ ਠੰਢ ਘਟ ਆ ਅੱਜ।" ਬੰਸੇ ਨੇ ਗੱਲ ਦਾ ਰੁਖ ਬਦਲ ਦਿਤਾ।

"ਲੈ ਬਈ ਸਾਰੇ ਜਣੇ ਇਕ ਇਕ ਹੋਰ ਲਾ ਲਓ, ਫਿਰ ਲੀੜੇ ਪਾਈਏ।" ਦਾਸ਼ੇ ਨੇ ਬੋਤਲ ਚੁੱਕ ਕੇ ਕਿਹਾ। ਰਾਹ 'ਚ ਜਾਂਦੇ ਚਾਚੇ ਨੇ ਕਿਹਾ, "ਇਹ ਸਾਲੀ ਐਡੀ ਰਿੱਚ ਕੰਪਨੀ ਆ, ਇਨ੍ਹਾਂ ਨੂੰ ਹਰ ਵੀਕ ਇੰਡ ਤੇ ਇਕ ਇਕ ਕੁੜੀ ਭੇਜਣੀ ਚਾਹੀਦੀ ਹੈ — ਏਥੇ ਕੀ ਕਾਲ ਆ।"

"ਆਹ ਕਹੀ ਲੱਖ ਦੀ।" ਮਿੰਦੀ ਤੇ ਦਿਆਲਾ ਇਕੋ ਸਮੇਂ ਬੋਲ ਪਏ।

"ਆਖਰ ਬਈ ਸਿਆਣਾ ਜੁ ਹੋਇਆ।" ਦਾਸ਼ੇ ਨੇ ਹੋਰ ਫੂਕ ਦੇ ਦਿਤੀ।

"ਬਾਕਿਆ ਬਈ, ਕੁੜੀ ਤਾਂ ਮੂਰਤ ਅਰਗੀਆ।" ਚਾਚੇ ਨੇ ਘਾਗ ਨਜ਼ਰਾਂ ਕੁੜੀ ਦੇ ਚਿਹਰੇ ਤੇ ਗੱਡ, ਪਿਆਰੇ ਨੂੰ ਕੋਕ ਫੜਾਉਂਦਿਆਂ ਕਿਹਾ।

"ਫੜੋ ਓਏ, ਚਾਚੇ ਨੂੰ ਗ਼ਸ਼ ਨਾ ਪੈ ਜੇ — ਅਜੇ ਤਾਂ ਵਿਆਹ ਕਰਨਾ।" ਮਿੰਦੀ ਮਾਸ਼ਟਰਾਨੀ ਵਲ ਦੇਖ ਰਿਹਾ ਸੀ।

ਥੋੜਾ ਥੋੜਾ ਕਰਕੇ ਸਭ ਕੋਕ ਪੀ ਰਹੇ ਸਨ। ਪਰ ਨਜ਼ਰਾਂ ਦੀਆਂ ਦੁਨਾਲੀਆਂ ਸਭ ਨੇ ਕੁੜੀਆਂ ਤੇ ਗੱਡੀਆਂ ਹੋਈਆਂ ਸਨ। ਜਿਵੇਂ ਸਾਰਿਆਂ ਨੇ ਕੱਠਿਆਂ ਬਾਲੀਆਂ ਮਾਰਨੀਆਂ ਹੋਣ।

"ਚੀਜ ਤਾਂ ਤੇਰੇ ਆਲ੍ਹੀ ਵੀ ਬੰਦੇ ਨੂੰ ਖਾਂਦੀ ਆ ਜਾਣੀ, ਅਖੇ ਭਰ ਭਰ ਵੰਡ ਮੁੱਠੀਆਂ, ਗੋਰੇ ਰੰਗ ਨੇ ਸਦਾ ਨੀ ਰਹਿਣਾ।" ਚਾਚਾ ਨਸ਼ਿਆ ਜਿਹਾ ਗਿਆ ਸੀ।

"ਜੇ ਗੱਲ ਬਣੇਗੀ, ਤਾਂ ਅਗਲੇ ਮਹੀਨੇ ਕਾਰ ਲੈਕੇ ਕੈਬਰੇ ਲੈ ਜੂੰ — ਤੈਨੂੰ ਗਲ 'ਚ ਮੜ੍ਹਾਕੇ ਪ੍ਰਾਵਾਂ, ਮਿੱਤਰਾਂ ਨੂੰ ਰੋਗ ਲੋੜੀਏ।" ਮਿੰਦੀ ਅੰਦਰੋਂ ਕੱਟਿਆ-ਵੱਢਿਆ ਪਿਆ ਸੀ "ਮੁੰਡਿਓ, ਮੈਂ ਤਾਂ ਥੋੜਾ ਜਿਹਾ ਸੌਦਾ ਵੀ ਲੈਣਾ।" ਸਾਰੇ ਬੈਠੇ ਰਹੇ। ਚ ਚਾ ਸਮਾਨ ਖ਼ਰੀਦਣ ਲਗ ਪਿਆ, ਐਵੇਂ ਹੀ ਕਈ ਚੀਜਾਂ ਲੈ ਲਈਆਂ। ਦਰਅਸਲ ਉਹ ਕੁੜੀ ਦੀਆਂ ਨਜਰਾਂ 'ਚ ਪੱਕਾ ਗਾਹਕ ਬਣਕੇ ਰੜਕਣਾ ਚਾਹੁੰਦਾ ਸੀ।

ਉਸ ਸਾਰਾ ਸਮਾਨ ਲਿਆਕੇ ਕੁੜੀ ਅਗੇ ਰਖ ਦਿਤਾ। ਕੁੜੀ ਜਦ ਲਿਫ਼ ਫ਼ੇ 'ਚ ਪਾ ਕੇ ਉਸ ਨੂੰ ਫੜਾਉਣ ਲਗੀ, ਉਸ ਐਸੇ ਢੰਗ ਨਾਲ ਫੜਿਆ ਕਿ ਆਪਣਾ ਹੱਥ ਮੱਲੋ-ਮੱਲੀ ਕੁੜੀ ਦੇ ਹੱਥਾਂ ਨੂੰ ਛੁਹਾ ਦਿਤਾ। ਕੁੜੀ ਦੇ ਮੂੰਹੋਂ ਸੁਭਾਵਕ 'ਸੌਰੀ' ਨਿਕਲ ਗਿਆ। ਚਾਚਾ ਐਵੇਂ ਹੀ 'ਨੋ. ਥੈਂਕ ਯੂ,', ਕਹਿਕੇ ਛਿੱਥਾ ਜਿਹਾ ਪੈ ਗਿਆ।

"ਚਲੋ ਬਈ ਚੱਲੀਏ ਆਪਾਂ ਤਾਂ ਨਿਢਾਲ ਹੋ ਗਏ ਆਂ।" ਚਾਚਾ ਥੋੜਾ ਜਿਹਾ ਹੱਸਕੇ ਬੋਲਿਆ। ਸਾਰੇ ਹੱਸਦੇ ਬਾਹਰ ਨਿਕਲ ਆਏ। ਚਾਚਾ ਆਪਣੇ ਹੱਥ ਦੀਆਂ ਉਂਗਲਾਂ ਦੀ ਕਦੇ ਵਾਸ਼ਨਾ ਲਵੇ, ਕਦੇ ਚੁੰਮੇ।

"ਔਰਤ ਬਨਾਉਣ ਵਾਲਿਆਂ, ਸਦਕੇ ਓਏ ਤੇਰੇ।" ਇਕ ਠੰਢਾ ਸਾਹ ਖਿੱਚਕੇ ਚਾਚਾ ਬੋਲਿਆ।

"ਹੁਣ ਤਾਂ ਚਾਚਾ ਇੰਡੀਆ ਜਾਣ ਨੂੰ ਜੀਅ ਕਰਦਾ ਜੇ ਸਾਲੇ ਨਿਬੇੜ ਦੇਣ ਤਾਂ ਵਿਆਹ ਸ਼ਿਆਹ ਕਰਾਈਏ ਚੱਲਕੇ।" ਦਾਸ਼ਾ ਬੋਲਿਆ ਜੋ ਹੁਣ ਤਕ ਪਤਾ ਨਹੀਂ ਕਿਹੜੀਆਂ ਸੋਚਾਂ 'ਚ ਡੁਬਿਆ ਆ ਰਿਹਾ ਸੀ।

"ਵਿਆਹ ਨਾ ਓਏ ਕਰਾਈਂ — ਆਹ ਦਿਆਲੇ ਵਲ ਦੇਖ ਰੋਜ਼ ਮਰਦਾ ਈ ਜਾਂਦਾ। ਉਹ ਰੋਜ਼ ਚਿਠੀਆਂ 'ਚ ਗਾਲਾਂ ਕੱਢਦੀ ਹੈ — ਏਧਰ ਮੀਆਂ ਦੀ ਹਾਲਤ ਧੋਬੀ ਦੇ ਕੁੱਤੇ ਵਰਗੀ ਹੈ।"

ਚਾਚੇ ਨੇ ਦਿਅ ਲੇ ਨੂੰ ਧੱਕਾ ਮਾਰਿਆ ਉਹ ਮਸਾਂ ਡਿਗਣੋਂ ਬਚਿਆ।

"ਇਹੋ ਤਾਂ ਜਿੰਦਗੀ ਆ ਪਿਆਰੇ ਇੰਤਜ਼ਾਰ ਵੀ ਖ਼ੁਦ ਇਕ ਨਸ਼ਾ ਹੁੰਦਾ ਹੈ।"

ਉਂਜ ਇਹ ਕਹਿਕੇ ਦਿਆਲੇ ਦਾ ਮੂੰਹ ਕੌੜਾ ਜਿਹਾ ਹੋ ਗਿਆ :

"ਇਹ ਸਾਲੀ ਮੁਕੂ ਵੀ ਕਦੇ।" ਸੀਤਾ ਵੀ ਅੰਦਰੋਂ ਪਰੁੰਨਿਆ ਪਿਆ ਸੀ।

"ਫ਼ਿਕਰ ਨਾ ਕਰ ਦੋਸਤਾ, ਹੁਣ ਸਾਰਿਆਂ ਦੇ ਕੰਮ ਨਬੇੜੀ ਜਾਂਦੇ ਆ।" ਪਿਆਰੇ ਨੇ ਸਭ ਨੂੰ ਧਰਵਾਸ ਦਿਤਾ।

ਚਾਚਾ ਪਹਿਲਾਂ ਨਾਲੋਂ ਸ਼ਰਾਬ ਕੁਝ ਜ਼ਿਆਦਾ ਪੀਣ ਲਗ ਪਿਆ ਸੀ। ਕਦੇ ਕਦੇ ਉਹ ਆਪਣੇ ਕਮਰੇ 'ਚ ਲਗੀ ਗੋਰੀ ਕੁੜੀ ਦੀ ਫੋਟੋ ਵਲ, ਜਾਮ ਭਰਕੇ ਉਛਾਲਦਾ ਹੋਇਆ ਕਹਿੰਦਾ, 'ਦੁਖੀਏ ਆਸ਼ਕ ਨੂੰ ਨਾ ਝਿੜਕੀਂ ਮੁਟਿਆਰੇ।' ਫਿਰ ਇਕੋ ਸਾਹ ਪੀ ਜਾਂਦਾ। ਸ਼ੀਸ਼ਾ ਦੇਖਕੇ ਮੁੱਛਾਂ ਨੂੰ ਤਾਅ ਦਿੰਦਾ, ਵਾਲ ਕਾਲੇ ਕਰਨ ਵਾਲੀ ਸ਼ੀਸ਼ੀ ਨੂੰ ਘੂਰਦਾ। ਸੁਰਮਾ ਵੀ ਉਹ ਕਦੇ ਕਦੇ ਪਾਉਣ ਲਗ ਪਿਆ ਸੀ। ਉਸ ਨੂੰ ਸਾਰੇ ਦੇਖਕੇ ਹੱਸਦੇ ਤਾਂ ਉਹ ਅੱਗੋਂ ਗੰਭੀਰ ਹੋ ਕਹਿੰਦਾ, "ਬੱਚੂ ਸਿਰ-ਧੜ ਦੀ ਬਾਜ਼ੀ ਲਗੇਗੀ, ਹੁਣ ਤਾਂ ਦੇਖਾਂਗੇ ਕਿਹੜਾ ਜਿੱਤਦਾ।"

ਮਿੰਦੀ ਅੱਗੋਂ ਹੱਸਕੇ ਕਹਿੰਦਾ, 'ਚਾਚਾ ਸਿੰਗ ਆਪਣੇ ਹੀ ਅੜਨੇ ਆ, ਅਖੇ ਸੰਤੀ ਚੱਕਮਾ ਚੁੱਲ੍ਹਾ, ਕਿਸੇ ਯਾਰ ਨੂੰ ਡਹਾਕੇ ਮਾਰੂ — ਆ ਕੋਈ ਸਮਝੌਤਾ ਕਰ ਲਈਏ।"

"ਮਰਦ ਨੀ ਮਦਾਨੋਂ ਭੱਜਦੇ ਬਹਿੰਦੇ, ਨਾ ਢੇਰੀਆਂ ਢਾਹ ਪੁਤਰਾ, ਸਮਝੌਤਾ ਕਾਹਦਾ।" ਚਾਚੇ ਨੇ ਸੱਜਾ ਹੱਥ ਉਲਾਰ ਹੇਕ ਚੁਕ ਲਈ। ਸਾਰੇ ਖਿੜ-ਖਿੜਾਕੇ ਹੱਸ ਪਏ। ਉਹ ਸ਼ੀਸ਼ਾ ਦੇਖਣ ਲਗ ਪਿਆ।

ਸ਼ਾਰੇ ਮਟੋਰ ਚੱਲਣ ਲਈ ਤਿਆਰ ਹੋ ਗਏ। ਅਜ ਪਹਿਲਾਂ ਨਾਲੋਂ ਸਾਰਿਆਂ ਜ਼ਿਆਦਾ ਪੀਤੀ ਸੀ, ਕਿਉਂਕਿ ਬਾਹਰ ਠੰਢ ਸੀ। ਅਜੇ ਫਰਲਾਂਗ ਕੁ ਹੀ ਗਏ ਸੀ ਕਿ ਠਾਰੀ ਚੜ੍ਹਨੀ ਸ਼ੁਰੂ ਹੋ ਗਈ। ਪਹਾੜ ਦੀ ਰਿਵੀ ਪੈਰ ਕੱਢ ਰਹੀ ਸੀ।

"ਕਹਿੰਦੇ ਕਾਲੀ-ਬੋਲੀ ਰਾਤ, 'ਚ ਸੋਹਣੀ ਰੋਜ਼ ਦਰਿਆ ਤਰਕੇ ਮਹੀਂਵਾਲ ਨੂੰ ਮਿਲਦੀ ਹੁੰਦੀ ਸੀ।" ਮਿੰਦੀ ਨੇ ਚਾਚੇ ਦੇ ਨਸ਼ਤਰ ਮਾਰੀ।

"ਏਥੇ ਸਾਲਾ ਉਲਟਾ ਰਿਵਾਜ਼ ਆ, ਮਹੀਂਵਾਲ ਸੋਹਣੀ ਨੂੰ ਮਿਲਨ ਜਾਂਦੇ ਆ — ਕਨੇਡਾ ਜੁ ਹੋਇਆ।" ਦਿਆਲਾ ਵੀ ਚਾਚੇ ਤੇ ਖੇਡ ਰਿਹਾ ਸੀ। ਪਰ ਚਾਚਾ ਬਿਲਕੁਲ ਚੁਪ ਤੁਰਿਆ ਜਾ ਰਿਹਾ ਸੀ, ਜਿਵੇਂ ਅਗਾਂਹ ਬਾਬਤ ਸੋਚ ਰਿਹਾ ਸੀ।

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

Congratulation & Best wishes to THE WATNO DUR

ON COMPLETION OF ONE YEAR

FROM

# CENTURY TRAVEL SERVICE




204—3310 FRASER STREET
VANCOUVER, B.C., CANADA V5V 4C1

OFF: 874-9429
RES: 437-7997

LOWEST FARES TO INDIA, PAKISTAN, FIJI, EUROPE, AND ALL OVER THE WORLD.

WE ALSO HELP IN GETTING PASSPORTS, VISAS AND IMMIGRATION PAPERS, ETC.

ਸੈਂਚਰੀ ਟਰੈਵਲ ਸਰਵਿਸ

204-3310 ਫਰੇਜਰ ਸਟਰੀਟ, ਵੈਨਕੋਵਰ, ਬੀ.ਸੀ., ਕੈਨੇਡਾ

OFF: 874-9429 RES: 437-7997

ਸਾਰੇ ਸਟੋਰ 'ਚ ਵੜ ਗਏ। ਮਿੱਠੇ ਮਿੱਠੇ ਨਿਘ ਨੇ ਸਾਰਿਆਂ ਨੂੰ ਕੀਲ ਲਿਆ। ਕੱਲੀ ਕੁੜੀ ਕਾਊਂਟਰ ਤੇ ਖੜੀ ਸੀ। ਚਾਚੇ ਨੇ ਨਜ਼ਰਾਂ ਮਿਲਾਕੇ 'ਹਾਏ' ਕਹੀ।

"ਪੱਟੇ ਗਏ ਯਾਰ, ਮੇਰੀ ਤਾਂ ਘੁੱਗੀ ਨੀ ਦੀਂਹਦੀ ਅੱਜ।" ਮਿੰਦੀ ਮਸੋਸਿਆ ਜਿਹਾ ਕੌਫ਼ੀ ਦਾ ਪਿਆਲਾ ਭਰਨ ਲਗ ਪਿਆ "ਚੱਲ, ਅਜ ਚਾਚੇ ਆਲੀ ਤੇ ਹੀ ਟਰਾਈ ਮਾਰਦੇ ਹਾਂ।" ਉਸ ਜਾਣ ਕੇ ਚਾਚੇ ਨੂੰ ਛੇੜਿਆ।

"ਹੂੰ..... ਨੌਂਹ ਵੀ ਭੰਨਦੂ।" ਚਾਚਾ ਲਾਲ ਅੱਖਾਂ ਕੱਢਦਾ ਬਿਫਰ ਪਿਆ। ਸਾਰੇ ਹੱਸਦੇ ਬੈਠ ਗਏ। ਉਹ ਸਮਾਨ ਖ਼ਰੀਦਣ ਲਗ ਪਿਆ। ਪਹਿਲਾਂ ਨਾਲੋਂ ਵੀ ਜਿਆਦਾ ਸਮਾਨ ਖ਼ਰੀਦ ਕੇ ਉਸ ਕਾਊਂਟਰ ਤੇ ਲਿਆ ਰਖਿਆ।

ਪੈਸੇ ਦੇ ਕੇ ਜਦ ਉਹ ਕੁੜੀ ਤੋਂ ਸਮਾਨ ਫੜਨ ਲਗਾ, ਉਸ ਹੌਂਸਲਾ ਜਿਹਾ ਕਰਕੇ ਬਾਂਹ ਫੜ ਲਈ।

"ਨਾਨ ਸੈਂਸ" ਝੱਟਕੇ ਨਾਲ ਬਾਂਹ ਛਡਾਉਂਦਿਆਂ ਕੁੜੀ ਬੋਲੀ। ਉਹ ਤ੍ਰਭਕ ਕੇ ਪਿਛੇ ਹਟ ਗਿਆ, ਜਿਵੇਂ ਸੱਪ ਤੇ ਪੈਰ ਰਖਿਆ ਗਿਆ ਹੋਵੇ। ਕੁੜੀ ਗ਼ੁਸੀਲੀਆਂ ਅੱਖਾਂ ਨਾਲ ਸਾਰਿਆਂ ਨੂੰ ਵਿੰਨ ਰਹੀ ਸੀ। ਸਾਰੇ ਦੁਪ-ਚੁਪ ਬਾਹਰ ਨਿਕਲ ਆਏ।

"ਇਨ੍ਹਾਂ ਸਾਲੀਆਂ ਦਾ ਗ਼ੁਸੇ ਤੇ ਰਾਜ਼ੀ ਹੁੰਦਿਆਂ ਦਾ ਵੀ ਪਤਾ ਨਹੀਂ ਲਗਦਾ।"

ਚਾਚਾ ਡੂੰਘੀ ਖ਼ਮੋਸ਼ੀ 'ਚੋਂ ਬੋਲਿਆ। ਸਾਰੇ ਮੱਲੋ-ਮੱਲੀ ਨਿਕਲਦਾ ਹਾਸਾ ਰੋਕਦੇ ਤੁਰ ਰਹੇ ਸਨ।

---

ਸਫ਼ਾ 36 ਦੀ ਬਾਕੀ

ਆਪਣੀਆਂ ਨਜ਼ਰਾਂ ਵਿਚ ਛਾਈ ਧੁੰਦਲ ਵਿਚ ਜਦ ਮੰਗਲ ਦਾ ਵਜੂਦ ਪੂਰੀ ਤਰ੍ਹਾਂ ਨਾਲ ਖੁਰ ਗਿਆ, ਤਦ ਰਾਣੀ ਅੰਦਰ ਆ ਗਈ। ਅੱਜ ਉਹਦੇ ਪੈਰ ਭਰੋਸੇ ਦੀ ਪਕਿਆਈ ਨਾਲ ਜ਼ਮੀਨ ਤੇ ਟਿਕ ਰਹੇ ਸਨ : ਅੱਜ ਹਰ ਚੀਜ਼ ਕਿੰਨੀ ਸੁਖਾਲੀ ਅਤੇ ਸੁਬਕ ਹੋ ਗਈ ਸੀ, ਜਿਸ ਦੇ ਟਾਕਰੇ ਵਿਚ ਆਪਣੇ ਚਿੱਕੜ ਨਾਲ ਭਰੇ ਵਿਹੜੇ ਨੂੰ ਨਵੇਂ ਸਿਰਿਉਂ ਸਾਫ਼ ਸੁਥਰਾ ਅਤੇ ਪ੍ਰਾਹੁਣਚਾਰੀ-ਯੋਗ ਬਣਾਉਣਾ ਕੋਈ ਔਖੀ ਗੱਲ ਹੀ ਨਹੀਂ ਸੀ......।

---

ਸਫ਼ਾ 41 ਦੀ ਬਾਕੀ

ਗੁਣਗੁਣਾ ਰਿਹਾ ਸੀ —

ਕਈ ਵਾਰ ਇਰਾਦਾ ਕਰਦਾ ਹਾਂ, ਵਿਚ ਗੰਗਾ ਡੁੱਬ ਕੇ ਮਰ ਜਾਵਾਂ,
ਜੇ ਘਰ ਮਰਿਆ ਤਾਂ ਨਿਸ਼ਚਾ ਹੈ, ਕੋਈ ਗੰਗਾ ਫੁੱਲ ਵੀ ਪਾਉਂਦਾ ਨਹੀਂ।

ਅੱਜ ਕਲ੍ਹ ਦੇ ਉਲਝੇਵਿਆਂ ਤੇ ਅਲਸੇਟਿਆਂ ਭਰੇ ਜੀਵਨ 'ਚ ਉਂਜ ਤਾਂ ਹੋਰ ਵੀ ਅਨੇਕਾਂ ਜ਼ਰੂਰੀ ਕੰਮ ਹਨ ਜਿਨ੍ਹਾਂ ਬਿਨਾਂ ਝੱਟ ਨਹੀਂ ਲੰਘਦਾ ਤੇ ਜਿਨ੍ਹਾਂ ਦੀ ਗਿਣਤੀ ਜੇ ਆਦਮੀ ਕਰਨ ਲੱਗੇ ਤਾਂ ਉਸਦੇ ਦਿਮਾਗ਼ ਦੀ ਚੱਕਰੀ ਭੌਂ ਜਾਏ ਪਰ ਇਹ ਵੀ ਬਹੁਤ ਜ਼ਰੂਰੀ ਹੈ—

ਦੂਜਿਆਂ ਦੇ ਦੁਖ ਸੁਖ ਵਿਚ ਸ਼ਾਮਿਲ ਹੋਣਾ।

*for Photography —*

PORTRAITS — WEDDINGS — COMMERCIAL

INDUSTRIAL — FASHION and

PASSPORTS

**REMEMBER**

# SANDEEP STUDIO

8157 MAIN STREET

— at —

MARINE DRIVE

**TELEPHONE: 324-4727**

WE DO DEVELOPING and PRINTING TOO!

ਸੰਦੀਪ ਸਟੂਡੀਓ

8157 ਮੈਨ ਸਟਰੀਟ
ਮਰੀਨ ਡਰਾਈਵ ਤੇ

ਫੋਨ :-324-4727

ਅਸੀ ਹਰ ਕਿਸਮ ਦੇ ਪੋਰਟਰੇਟ, ਪਾਸਪੋਰਟ ਫੋਟੋ ਤੇ ਵਿਆਹ ਸ਼ਾਦੀਆਂ ਦੀਆਂ ਮੂਵੀਆਂ, ਆਵਾਜ਼ ਤੇ ਬੇ ਆਵਾਜ਼ ਤੇ ਫੋਟੋਆਂ ਖਿਚਣ ਦਾ ਕੰਮ ਕਰਦੇ ਹਾਂ।
ਅਸੀਂ ਫਿਲਮਾਂ ਦੀ ਡਵੈਲਪਿੰਗ ਤੇ ਪਰਿੰਟਿੰਗ ਵੀ ਕਰਦੇ ਹਾਂ।

IMPORTERS EXPORTERS WHOLESALERS RETAILERS

**ROKKO SAREES & FABRICS**

OWNED AND OPERATED BY B.S. KHURANA AND SONS AND GRANDSONS

S-39, GREEN PARK, NEW DELHI-16, INDIA.

PHONE: 77790




COMING ATTRACTIONS —

1. KEEMAT 2. LOAFER 3. GORA AUR KALA 4. MERA DESH MERA DHARAM

5. PHAGUN (Dharminder — Waheeda Rahman) 6. MUJHE JEENE Do 7. MAN-CHLI 8. NAFRAT 9. JANGAL MEIN MANGAL

# ਸੱਪ

[ਕੈਨੇਡਾ ਦੇ ਉਹਨਾਂ ਸੱਪਾਂ ਦੇ ਨਾਂ, ਜਿਨ੍ਹਾਂ ਦਾ ਜ਼ਹਿਰ
ਦਿਨ ਬਦਿਨ ਵਧਦਾ ਹੀ ਚਲਾ ਜਾ ਰਿਹਾ ਹੈ]

ਰਣਜੀਤ ਸਿੰਘ ਕਿੰਗਰਾ
(Mission City, B.C.)

ਦੂਰ ਦੂਰ ਤਕ ਉਹ ਮੰਨਿਆ ਪ੍ਰਮੰਨਿਆ ਜੋਗੀ ਸੀ। ਭੈੜੇ ਤੋਂ ਭੈੜੇ ਸੱਪ ਉਸ ਨੇ ਪਹਿਲੇ ਮੰਤਰ ਕੀਲੇ ਹੋਏ ਸਨ। ਇਕ ਵਾਰ ਉਸ ਦੀ ਪਕੜ ਵਿਚ ਆ ਕੇ ਸੱਪ ਦੀ ਮਜ਼ਾਲ ਸੀ ਕਿ ਹਿੱਲ ਜਲ ਕਰੇ। ਵੱਡੇ ਤੋਂ ਵੱਡੇ ਜੋਗੀ ਜਿਸ ਸੱਪ ਨੂੰ ਕੀਲਣ ਤੋਂ ਹੱਥ ਖੜੇ ਕਰ ਦਿੰਦੇ ਉੱਥੇ ਪੀਰੂ ਜੋਗੀ ਨੂੰ ਬੁਲਾਇਆ ਜਾਂਦਾ। ਲੋਕਾਂ ਦੇ ਵੇਂਹਦਿਆਂ ਹੀ ਵੇਂਹਦਿਆਂ ਉਹ ਸੱਪ ਨੂੰ ਕੀਲ ਕੇ ਰੱਖ ਦਿੰਦਾ।

ਇਸ ਤੋਂ ਪਹਿਲਾਂ ਉਸ ਨੇ ਇਹੋ ਜਿਹਾ ਸੱਪ ਕਦੇ ਨਹੀਂ ਸੀ ਦੇਖਿਆ। ਇਹ ਸੱਪ ਬਹੁਤ ਭੈੜੀ ਕਿਸਮ ਦਾ ਸੀ। ਲੋਕ ਉਸਦਾ ਨਾਂ ਸੁਣ ਕੇ ਤਰਹਿੰਦੇ ਸਨ। ਉਸ ਦੇ ਸਿਰ ਤੇ ਲੰਮੀ ਲੰਮੀ ਜੱਤ ਸੀ। ਉਹ ਬੋਲਦਾ ਬਹੁਤ ਘਟ ਸੀ ਪਰ ਜਦੋਂ ਵੀ ਬੋਲਦਾ—ਮੂੰਹੋਂ ਅੱਗ ਕਢਦਾ ਸੀ ਅਤੇ ਆਪਣੇ ਉਦਾਲੇ ਵਗਟੇ ਕੀਲ ਦੇ ਚੱਕਰ ਨੂੰ ਉਹ ਆਪਣੇ ਮੂੰਹ ਦੀ ਅੱਗ ਨਾਲ ਮਿਟਾ ਦੇਂਦਾ ਸੀ। ਜੋਗੀ ਆਉਂਦੇ ਅਤੇ ਉਸਦੇ ਮੂੰਹ 'ਚੋਂ ਨਿਕਲਦੀ ਅੱਗ ਤੋਂ ਡਰਦੇ ਉਸ ਨੂੰ ਦੂਰੋਂ ਮੱਥਾ ਟੇਕ ਕੇ ਚਲੇ ਜਾਂਦੇ।

ਪੀਰੂ ਨੇ ਲੱਖ ਬੀਨ ਵਜਾਈ, ਮੰਤਰ ਪੜ੍ਹੇ, ਉਹ ਅੱਕ ਗਿਆ ਪਰ ਸੱਪ ਉਸ ਦੀ ਕੋਈ ਪੇਸ਼ ਨਹੀਂ ਸੀ ਜਾਣ ਦਿੰਦਾ। ਉਸਨੇ ਅਖੀਰ ਇਹੋ ਸੋਚੀ ਕਿ ਉਹ ਪਿਆਰ ਨਾਲ ਸੱਪ ਨੂੰ ਕਾਬੂ ਕਰੇਗਾ। ਉਸਨੇ ਸੱਪ ਨੂੰ ਹਰ ਰੋਜ਼ ਦੁਧ ਪਿਲਾਉਣਾ ਸ਼ੁਰੂ ਕਰ ਦਿਤਾ। ਸੱਪ ਆਉਂਦਾ, ਦੁਧ ਪੀ ਕੇ ਜੀਭਾਂ ਮਾਰਦਾ ਵਾਪਸ ਚਲਿਆ ਜਾਂਦਾ। ਹੌਲੀ ਹੌਲੀ ਸੱਪ ਪੀਰੂ ਤੇ ਪਿਜਦਾ ਗਿਆ।

"ਯਾਰ ਤੇਰੀਆਂ ਅਖਾਂ ਕਿੰਨੀਆਂ ਸੋਹਣੀਆਂ ਨੇ" ਦੁਧ ਪੀਂਦੇ ਸੱਪ ਨੂੰ ਮੌਕਾ ਤਾੜ ਕੇ ਇਕ ਦਿਨ ਪੀਰੂ ਨੇ ਕਿਹਾ, "ਇਹਨਾਂ ਵਿਚ ਤਾਂ ਨਿਰਾ ਪਿਆਰ ਹੀ ਪਿਆਰ ਹੈ। ਤੇਰੇ ਸਿਰ ਤੇ ਜੱਤ ਕਿੰਨੀ ਸੋਹਣੀ ਲਗਦੀ ਹੈ। ਜਿਵੇਂ ਕਿਸੇ ਰਾਜੇ ਦੀ ਕਲਗੀ ਹੋਵੇ। ਤੈਨੂੰ ਤਾਂ ਪ੍ਰਮਾਤਮਾ ਨੇ ਕੋਈ ਦੇਵਤਾ ਬਣਾ ਕੇ ਇਸ ਧਰਤੀ ਤੇ ਭੇਜਿਆ ਹੈ।" ਉਹ ਉਸ ਦੀਆਂ ਫੋਕੀਆਂ ਤਾਰੀਫਾਂ ਦੇ ਪੁਲ ਬੰਨ੍ਹ ਦਿੰਦਾ।

ਹੁਣ ਸੱਪ ਤੇ ਪੀਰੂ ਇਕ ਦੂਜੇ ਦੇ ਯਾਰ ਬਣ ਗਏ। ਪੀਰੂ ਨੇ ਸੋਚਿਆ ਕਿ ਉਸ ਦੇ ਪਿਆਰ ਦਾ ਮੰਤਰ ਸੱਪ ਨੂੰ ਕੀਲ ਗਿਆ ਹੈ ਅਤੇ ਹੁਣ ਉਹ ਉਸ ਤੋਂ ਬਿਨਾਂ ਕਿਧਰੇ ਨਹੀਂ ਜਾਂਦਾ। "ਯਾਰ ਮੇਰੀ ਗਲ ਮੰਨੇ ਤਾਂ ਤੂੰ ਡੰਗ ਮਾਰਨਾ ਛਡ ਦੇ" ਪੀਰੂ ਮੌਕਾ ਮਿਲਣ ਤੇ ਉਸ ਨੂੰ ਹਮੇਸ਼ਾਂ ਗ਼ਲਤ ਰਾਹੋਂ ਵਰਜਦਾ।

"ਮੈਂ ਤਾਂ ਬਥੇਰਾ ਵਰਜਦਾ ਹਾਂ ਆਪਣੇ ਆਪ ਨੂੰ,ਪਰ ਯਾਰ ਡੰਗ ਮੈਥੋਂ ਮੱਲੋ ਮੱਲੀ ਵਜ ਜਾਂਦਾ ਹੈ। ਮੈਂ ਹੁਣ ਕੋਸ਼ਿਸ਼ ਕਰਾਂਗਾ ਕਿ ਅਗੋ ਤੋਂ ਡੰਗ ਨਾ ਮਾਰਾਂ।" ਪੀਰੂ ਬਹੁਤ ਖੁਸ਼ ਸੀ ਕਿਉਂਕਿ ਸੱਪ ਹੁਣ ਉਸਦੀ ਸਿਖਿਆ ਤੇ ਵਧ ਤੋਂ ਵਧ ਅਮਲ ਕਰਨ ਦੀ ਕੋਸ਼ਿਸ਼ ਕਰਦਾ। ਡੰਗ ਵੀ ਹੁਣ ਉਹ ਵਾਹ ਲੱਗੇ ਨਹੀਂ ਸੀ ਮਾਰਦਾ ਅਤੇ ਪੀਰੂ ਦੇ ਕਹਿਣ ਮੁਤਾਬਕ ਉਹ ਮੂੰਹੋਂ ਅੱਗ ਵੀ ਪਹਿਲਾਂ ਜਿੰਨੀ ਨਹੀਂ ਸੀ ਕਢਦਾ। ਹੁਣ ਉਸਦੀਆਂ ਅੱਖਾਂ ਵਿਚ ਸਚਮੁਚ ਹੀ ਪਿਆਰ ਝਲਕਣ ਲਗ ਪਿਆ ਸੀ।

ਸੱਪ ਨੂੰ ਪੀਰੂ ਦੀ ਇਹ ਬਹੁਤੀ ਸਿਖਿਆ ਜਚਦੀ ਤਾਂ ਭਾਵੇਂ ਨਾ, ਪਰ ਪੀਰੂ ਦੇ ਪਿਆਰ ਅਗੇ ਉਸਦੀ ਕੋਈ ਪੇਸ਼ ਨਾ ਜਾਂਦੀ। ਉਹ ਆਪਣੇ ਆਪ ਨੂੰ ਘੁਟਿਆ ਘੁਟਿਆ ਮਹਿਸੂਸ ਕਰਦਾ। ਉਸ ਨੂੰ ਬੀਤੇ ਦਿਨ ਯਾਦ ਆਉਂਦੇ ਜਦੋਂ ਉਹ ਆਪਣੇ ਆੜੀ ਸੱਪਾਂ ਨਾਲ ਰਹਿੰਦਾ ਹੁੰਦਾ ਸੀ ਅਤੇ ਉਹ ਇਕੱਠੇ ਹੋ ਕੇ ਅੱਗ ਉਛਾਲਦੇ ਅਤੇ ਡੰਗ ਮਾਰਨ ਲਈ ਆਪਣਾ ਸ਼ਿਕਾਰ ਲਭਦੇ ਦੂਰ ਦੂਰ ਚੜ੍ਹ ਜਾਂਦੇ ਹੁੰਦੇ ਸਨ। ਉਹਨਾਂ ਹੀ ਸੱਪਾਂ ਦੀ ਢਾਣੀ ਚੋਂ ਅਜ ਉਹ ਪੀਰੂ ਕੋਲੋਂ ਨੂੰ ਚਲਿਆ ਸੀ—ਦਿਲ ਵਿਚੋਂ ਕਹਿਰਾਂ ਦਾ ਗੁਸਾ ਲੈ ਕੇ ਅਤੇ ਉਸਦੇ ਪਿਆਰ ਤੋਂ ਬਾਗੀ ਹੋਣ; ਕਿਉਂਕਿ ਪੀਰੂ ਦੇ ਪਿਆਰ ਨੇ ਉਸ ਨੂੰ ਇਕ ਤਰ੍ਹਾਂ ਕੀਲ ਲਿਆ ਸੀ।

"ਪਿਆਰੇ ਸ਼ੇਸ਼ ਨਾਗ ਜੀ......", ਚਾਪਲੂਸੀ ਅਤੇ ਪਿਆਰ ਨਾਲ ਪੀਰੂ ਨੇ ਆਪਣੇ ਸੱਪ ਯਾਰ ਨੂੰ ਕਿਹਾ, "ਮੈਨੂੰ ਅੱਜ ਤੇਰਾ ਇਕ ਉਲਾਂਭਾ ਆਇਆ ਹੈ ਕਿ ਤੂੰ ਕਲ੍ਹ ਫਿਰ ਬੰਤੇ ਦੇ ਭਾਈ ਕਰਤਾਰੇ ਦੇ ਡੰਗ ਮਾਰਿਆ ਹੈ। ਭਲਾ ਉਸ ਵਿਚਾਰੇ ਨੇ ਤੈਨੂੰ ਕੁਝ ਕਿਹਾ ਸੀ—ਯਾਰ ? ਬਿਨਾਂ ਉਸਦੀਆਂ ਅੱਖਾਂ ਵਲ ਝਾਕੇ ਉਹ ਗੱਲ ਪੂਰੀ ਕਰ ਗਿਆ।

"ਹਾਂ...ਹਾਂ...ਮੈਂ ਡੰਗ ਮਾਰਿਆ ਹੈ—ਤੂੰ ਕੌਣ ਹੁੰਦੈਂ ਮੈਨੂੰ ਰੋਕਣ ਵਾਲਾ ? ਦੂਰ ਹੋ ਜਾ ਮੇਰੀਆਂ ਅੱਖਾਂ ਤੋਂ—ਮੈਂ ਡੰਗ ਮਾਰਾਂਗਾ—ਅੱਗ ਉਛਾਲਾਂਗਾ—ਮੈਨੂੰ ਨਹੀਂ ਪ੍ਰਵਾਹ ਕਿਸੇ ਕੰਜਰ ਦੀ। ਤੂੰ ਆ ਜਾ ਹਟਾ ਮੈਨੂੰ—ਆਹ ਚਲਿਆਂ ਮੈਂ" ਜ਼ਹਿਰ ਅਤੇ ਗੁਸਾ ਅੱਗ ਦੇ ਰੂਪ ਵਿਚ ਲਾਟਾਂ ਬਣ ਬਣ ਉਸ ਦੇ ਮੂੰਹੋਂ ਨਿਕਲ ਰਹੇ ਸਨ। ਮੂੰਹੋਂ ਅੱਗ ਉਛਾਲਦਾ, ਗੰਦ ਬਕਦਾ ਉਹ ਜ਼ਹਿਰੀ ਨਾਗ ਪੀਰੂ ਦੇ ਵਗਲੇ ਪਿਆਰ ਦੇ ਚੱਕਰ ਨੂੰ ਮੇਟ ਗਿਆ ਅਤੇ ਉਸ ਦੇ ਦਿਲ ਤੇ ਕੋਈ ਹਜ਼ਾਰਾਂ ਮਣ ਬੋਝ ਛਡ ਗਿਆ। "ਸੱਪਾਂ ਨੂੰ ਦੁਧ ਪਿਲਾਉਣ ਨਾਲ ਕਦੇ ਉਹ ਮਿੱਤਰ ਨਹੀਂ ਬਣਦੇ ਪੀਰੂ", ਉਸਦਾ ਆਪਣਾ ਆਪ ਉਸ ਨੂੰ ਲਾਹਨਤਾਂ ਪਾ ਰਿਹਾ ਸੀ, "ਤੂੰ ਪੰਜਾਬ ਦੇ ਸੱਪਾਂ ਨੂੰ ਕੀਲਣ ਗਿਝਿਆ ਸੀ—ਪਰ ਤੂੰ ਸ਼ਾਇਦ ਇਹ ਭੁਲ ਗਿਆ ਸੀ ਕਿ ਇਹ ਸੱਪ ਕੈਨੇਡਾ ਦਾ ਹੈ।"

---

## ਸਫਾ 58 ਦੀ ਬਾਕੀ

ਦਿਨ ਚੜ੍ਹੇ ਪਿੰਡ ਦੇ ਲੋਕ ਇਕੱਠੇ ਹੋਏ। ਸਾਰਿਆਂ ਫੈਸਲਾ ਕੀਤਾ ਕਿ ਕਾਲਾ ਮੂੰਹ ਕਰ ਕੇ ਏਸ ਦਾ ਗੇੜਾ ਦਿਵਾਉ ਬਾਅਦ ਵਿਚ ਗੋਲੀ ਮਾਰੋ। "ਜ਼ਿਹਰੀ ਨਾਗਾਂ ਦੀ ਸਿਰੀ ਫੇਹਣੀ ਚਾਹੀਦੀ ਹੈ।" ਸਭ ਪਾਸੇ ਤਾੜੀਆਂ ਵੱਜੀਆਂ। ਫੈਸਲੇ ਦੇ ਮੁਤਾਬਕ ਘੁਲੇ ਦਾ ਮੂੰਹ ਕਾਲਾ ਕਰਕੇ ਗੇੜਾ ਦਿਵਾਇਆ ਫਿਰ ਗੋਲੀ ਮਾਰ ਕੇ ਅਰਦਾਸਾ ਸੋਧ ਦਿਤਾ ਤੇ ਲੋਥ ਉਸ ਦੇ ਪਿੰਡ ਪਹੁੰਚਾ ਦਿਤੀ ਗਈ।

MOVIES FOREIGN EXCHANGE CONCERT
SIHOTA DISTRIBUTORS
MANAGER KARTAR SINGH AHLUWALIA
3483 KINGSWAY, VANCOUVER, B.C., CANADA. V5R 5L5-
PHONE: 438-1304 324-2557

# Congratulations & Best Wishes to THE WATNO DUR

ON COMPLETION OF ONE YEAR

FROM



DARSHAN BRAR

# SOMETHING NICE

THERE'S LIFE AT MARS

**MARS REALTY LTD.**

5467 VICTORIA DR., VANCOUVER, B.C.

327-8315

ਹਰ ਪਰਕਾਰ ਦੀ ਜਾਇਦਾਦ-
RESIDENTIAL, COMMERCIAL &
REVENUE - ਖਰੀਦਣ ਜਾਂ ਵੇਚਣ ਸਮੇਂ
ਤੁਹਾਨੂੰ ਤਜਰਬੇਕਾਰ ਅਗਵਾਈ ਦੇਣ ਵਾਲੇ

## ਦਰਸ਼ਨ ਬਰਾੜ

*Darshan Brar*

*Res. 433-3334*

MORTGAGES - APPRAISALS - RENTALS - SALES

# ਜ਼ਹਿਰੀ ਨਾਗ

ਪਾਲ ਧਾਰੀਵਾਲ (ਰਾਉਕੇ)
(Surrey, B.c.)

ਫੱਗਣ ਦਾ ਮਹੀਨਾ ਤੇ ਨਿੱਘੀ 2 ਧੁੱਪ,ਬਹਾਰ ਦਾ ਮੌਸਮ ਪੂਰੇ ਜੋਬਨ ਤੇ ਸੀ। ਚੰਦੋ ਬਾਹਰ ਧੁੱਪੇ ਬੈਠੀ ਚਰਖਾ ਕਤ ਰਹੀ ਸੀ। ਜ਼ਿੰਦਗੀ ਵਿਚ ਲੰਘੀਆਂ ਬਹਾਰਾਂ ਦੀ ਯਾਦ ਵਿਚ ਡੁੱਬੀ ਸੋਚ ਰਹੀ ਸੀ, ਉਸ ਦੇ ਪਤੀ ਦੀ ਆਸੇ ਪਾਸੇ ਕਿੰਨੀ ਇੱਜ਼ਤ ਸੀ। ਲੋਕ ਆਉਂਦੇ ਜਾਂਦੇ ਸਲਾਮਾਂ ਕਰਦੇ ਸਨ। ਉਸ ਦੀ ਸਰਕਾਰੇ-ਦਰਬਾਰੇ ਚੰਗੀ ਪੁਛ ਗਿਛ ਸੀ, ਪਰ ਅੱਜ ਚੰਦੋ ਨੂੰ ਰੋਟੀ ਖਾਣੀ ਵੀ ਦੁੱਭਰ ਹੋ ਗਈ ਸੀ।' ਉਸਦੇ ਪਤੀ ਨੂੰ ਮਾਰਿਆਂ 5 ਕੁ ਸਾਲ ਹੋ ਗਏ ਸਨ; ਕਿਉਂ ਕਿ ਸ਼ਰੀਕੇ ਵਾਲਿਆਂ ਤੋਂ ਉਸ ਦੀ ਵਡਿਆਈ ਹੁੰਦੀ ਜਰੀ ਨਾ ਗਈ। ਉਸ ਦੀ ਨਿਸ਼ਾਨੀ ਇਕੋ ਇਕ ਰਾਜ ਸੀ। ਜਿਸਦੇ ਸਾਹਾਂ ਵਿਚ ਉਹ ਸਾਹ ਲੈਂਦੀ ਸੀ।

ਉਸ ਦੀ ਸੱਸ ਦੱਸਦੀ ਹੁੰਦੀ ਸੀ, ਉਸ ਦੇ ਸਹੁਰੇ ਤੇ ਘੁੱਲੇ ਦੇ ਬਾਬੇ ਦੀ ਪਾਣੀ ਦੀ ਵਾਰੀ ਤੋਂ ਤੂੰ-ਤੂੰ ਮੈਂ-ਮੈਂ ਹੋਈ ਤੇ ਵੱਧਦੀ 2 ਦੁਸ਼ਮਣੀ ਦਾ ਰੂਪ ਧਾਰ ਗਈ। ਲੜਾਈ ਇਥੋਂ ਤੱਕ ਵਧ ਗਈ ਸੀ ਕਿ ਦੋਵੇਂ ਧਿਰਾਂ ਇਕ ਦੂਜੇ ਦੇ ਖੂਨ ਦੀਆਂ ਤਿਹਾਈਆਂ ਹੋ ਗਈਆਂ ਉਸਦੇ ਸਹੁਰੇ ਕੋਲ ਚੰਗੀ ਢੇਰੀ ਸੀ, ਜਿਹੜੀ ਮੁਕੱਦਮਿਆਂ ਦੇ ਮੂੰਹ ਗਈ ਤੇ ਵਾਰੀ 2 ਕਤਲ ਹੁੰਦੇ ਰਹੇ। ਕਿਵੇਂ ਉਸ ਦਾ ਘਰ ਵਾਲਾ, ਦਿਉਰ ਤੇ ਦੋ ਵੱਡੇ ਪੁਤ ਚੜ੍ਹਦੀ ਜਵਾਨੀ ਵਿਚ ਇਸ ਦੁਸ਼ਮਣੀ ਦੀ ਭੇਟਾ ਹੋਏ।" ਇਸੇ ਦੁੱਖ ਵਿਚ ਉਹ ਵੀ ਪਿਛਲੇ ਸਾਲ ਚਲਾਣਾ ਕਰ ਚੁੱਕੀ ਸੀ।

ਅੱਜ ਜਦੋਂ ਰਾਜ ਬਾਹਰੋਂ ਰੋਂਦਾ ਆਇਆ ਤਾਂ ਜਾਣੀ ਉਸ ਦੇ ਦਿਲ ਚੋਂ ਰੁਗ ਭਰਿਆ ਗਿਆ। ਉਸ ਦੇ ਖਿਆਲਾਂ ਦੀ ਲੜੀ ਟੁੱਟੀ ਤਾਂ ਉਸਨੇ ਪੁਛਿਆ, "ਮੇਰੇ ਸੋਹਣੇ ਚੰਨ ਨੂੰ ਕਿਸਨੇ ਮਾਰਿਆ ?" ਰਾਜ ਨੇ ਹਟਕੋਰੇ ਲੈਂਦੇ ਕਿਹਾ, ਘੁਲੇ ਕੇ ਭੋਲੇ ਨੇ ! ਮੈਂ ਬਾਹਰ ਖੂਹੀ ਤੇ ਖੇਤ ਬਣਾ 2 ਖੇਡਦਾ ਸੀ ਉਸ ਨੇ ਮੇਰੇ ਖੇਤ ਦੀ ਵੱਟ ਢਾਹ ਦਿਤੀ, ਨਾਲੇ ਚਪੇੜ ਮਾਰੀ।" ਉਸਨੇ ਰਾਜ ਨੂੰ ਆਪਣੀ ਬੁੱਕਲ ਵਿਚ ਬਹਾ ਲਿਆ ਤੇ ਚੁਪ ਕਰਾਇਆ। ਉਸ ਦੀਆਂ ਅੱਖਾਂ ਚੋਂ ਗਰਮ 2 ਹੰਝੂ ਰਾਜ ਤੇ ਡਿੱਗੇ। ਉਹ ਡੁਬਕਿਆ, "ਬੇਬੇ ਤੂੰ ਕਿਉਂ ਰੋਂਦੀ ਏ ?" ਚੰਦੋ ਨੇ ਗੱਲ ਦਾ ਰੁਖ ਬਦਲਦੇ ਹੋਏ ਕਿਹਾ, "ਐਵੇਂ ਅੱਖਾਂ ਨੂੰ ਧੂੰਆਂ ਚੜ੍ਹਨ ਨਾਲ ਪਾਣੀ ਡਿੱਗ ਪਿਆ।" ਉਹ ਡਰਦੀ ਸੀ ਕਿ ਜੇ ਉਹਨਾਂ ਦੇ ਘਰ ਉਲਾਂਭਾ ਦਿਤਾ ਘੁਲੇ ਦੇ ਘਰ ਵਾਲੀ ਨੇ ਅੱਗੋਂ ਕਿਹੜਾ ਭਲੀ ਗੁਜ਼ਾਰਨੀ ਹੈ; ਆਖਰ ਨੂੰ ਉਹ ਵੀ ਵੈਲੀ ਦੀ ਤੀਵੀਂ ਹੈ। ਇਹਨਾਂ ਦਿਨਾਂ ਵਿਚ ਘੁਲੇ ਤੋਂ ਸਾਰਾ ਆਸਾ ਪਾਸਾ ਡਰਦਾ ਸੀ। ਰਾਜ ਦੇ ਪਿਉ-ਚਾਚੇ ਮਾਰਨ ਤੋਂ ਬਾਅਦ ਕੋਈ ਵੀ ਉਸ ਦੇ ਰਾਹ ਦਾ ਕੰਡਾ ਨਹੀਂ ਰਿਹਾ ਸੀ। ਹੋਰ ਕੋਈ ਉਸ ਅਗੇ ਕੁਸਕਦਾ ਨਹੀਂ ਸੀ। ਉਸ ਦੇ ਘਰ ਹਰ ਰੋਜ਼ ਬੋਤਲ ਤੇ ਬੋਤਲ ਖੜਕਦੀ ਸੀ। ਬਾਹਰਲੇ ਪਿੰਡਾਂ ਦੇ ਵੈਲੀ ਉਸ ਕੋਲ ਹਨੇਰੇ ਸਵੇਰੇ ਆਉਂਦੇ ਜਾਂਦੇ ਰਹਿੰਦੇ ਸਨ। ਸਾਰਾ ਪਿੰਡ ਘੁਲੇ ਤੋਂ ਤ੍ਰਹਿੰਦਾ ਸੀ।

ਕਈ ਵਾਰ ਗੁਆਂਢੀਆਂ ਦੀ ਕਰਤਾਰੋ ਨੇ ਚੰਦੋ ਨੂੰ ਰਾਜ ਦਾ ਖਿਆਲ ਰੱਖਣ ਲਈ ਤਾੜਨਾ ਕੀਤੀ। ਉਸਨੇ ਘੁਲੇ ਦੇ ਮੂੰਹੋਂ ਕਈ ਵਾਰ ਸੁਣਿਆ ਸੀ, ਇਸ ਦਾ ਵੀ ਜਲਦੀ ਬੰਦੋਬਸਤ ਕੀਤਾ ਜਾਏ ਤਾਂ ਚੰਗਾ ਹੈ; ਅੱਗੇ ਪਿਛੇ ਵੀ ਕਰਨਾ ਪਵੇਗਾ। ਜੰਮ ਦੀਆਂ ਸੂਲਾਂ ਦੇ ਮੂੰਹ ਤਿੱਖੇ ਹੁੰਦੇ ਹਨ।" ਤੇ ਕਈ ਵਾਰ ਉਸ ਨੇ ਡਰਾਉਣ ਲਈ ਰਾਤ ਨੂੰ ਫਾਇਰ ਕੀਤੇ ਸਨ। ਹੁਣ ਘੁਲਾ ਜਦੋਂ ਚੰਦੋਂ ਨੂੰ ਜਿਆਦਾ ਤੰਗ ਕਰਨ ਲੱਗਾ ਤਾਂ ਉਸਨੇ ਕਿਸੇ ਰਾਹੀਂ ਆਪਣੇ ਪੇਕੇ ਸੁਨੇਹਾ ਘਲਾਇਆ। ਉਸ ਦਾ ਪਿਉ ਜ਼ੈਲਦਾਰ ਸੀ। ਉਹ ਕਾਫੀ ਸਿਆਣਾ ਤੇ ਹੰਢਿਆ ਵਰਤਿਆ ਆਦਮੀ ਸੀ। ਉਹ ਨਹੀਂ ਸੀ ਚਾਹੁੰਦਾ ਕਿ ਚੰਦੋ ਉਸ ਦੇ ਦਰਵਾਜੇ ਬੈਠੇ ਤੇ ਲੋਕ ਉਸ ਵਲ ਉਂਗਲਾਂ ਕਰਨ। ਭਾਵੇਂ ਘਲਾ ਉਸ ਵਾਸਤੇ ਕੁਝ ਵੀ ਨਹੀਂ ਸੀ, ਜਦੋਂ ਜੀ ਚਾਹੁੰਦਾ ਉਸ ਨੂੰ ਮਰਵਾ ਸਕਦਾ ਸੀ ਪਰ ਉਹ ਇਲਾਕੇ ਵਿਚ ਮੰਨਿਆਂ ਪ੍ਰਮੰਨਿਆਂ ਹੋਣ ਕਰਕੇ ਲੜਾਈ ਮੁਲ ਨਹੀਂ ਲੈਣੀ ਚਾਹੁੰਦਾ ਸੀ। ਘੁਲੇ ਵਾਸਤੇ ਉਸ ਨੇ ਕਈ ਸੁਨੇਹੇ ਘਲਾਏ ਸਨ ਕਿ ਸੋਚ ਸਮਝ ਤੋਂ ਕੰਮ ਲਵੇ। ਜਦੋਂ ਕੋਈ ਵਾਹ ਨਾ ਗਈ ਤਾਂ ਉਸ ਨੇ ਆਪਣੇ ਵੱਡੇ ਪੁੱਤ ਨੂੰ ਘੱਲਿਆ। ਜਦੋਂ ਉਹ ਘਰੇ ਪਹੁੰਚਿਆ ਤਾਂ ਬੰਤੇ ਨੇ ਚੰਦੋ ਦੇ ਭਰਾ ਨੂੰ ਕਿਹਾ, "ਤੁਸੀਂ ਇਉਂ ਨਾ ਕਰੋ। ਧੀਆਂ ਮਾਪਿਆਂ ਦੇ ਬੂਹੇ ਤੇ ਨਹੀਂ ਸੋਂਹਦੀਆਂ।" ਬੰਤਾ ਪੁਰਾਣਾ ਫ਼ੌਜੀ ਤੇ ਸਿਆਣਾ ਆਦਮੀ ਸੀ ਉਸਨੇ ਸਲਾਹ ਦਿਤੀ ਕਿ ਤੁਸੀਂ ਰਾਜ ਨੂੰ ਲੈ ਜਾਵੋ। ਚੰਦੋ ਦਾ ਖਿਆਲ ਮੈਂ ਰੱਖਾਂਗਾ, ਤੁਸੀਂ ਕੋਈ ਫਿਕਰ ਨਾ ਕਰਨਾ।

ਜਦੋਂ ਘੁੱਲੇ ਨੂੰ ਪਤਾ ਲਗਾ ਤਾਂ ਉਸ ਬੰਤੇ ਨੂੰ ਬਹੁਤ ਡਰਾਇਆ ਧਮਕਾਇਆ ਪਰ ਉਹ ਬੇ-ਪ੍ਰਵਾਹ ਸੀ, ਉਸ ਨੇ ਇੱਕ ਨਾ ਗੌਲੀ।

ਰਾਜ ਨੂੰ ਉਸ ਦਾ ਮਾਮਾ ਆਪਣੇ ਪਿੰਡ ਲੈ ਆਇਆ ਤੇ ਪਿੰਡ ਦੇ ਸਕੂਲ ਵਿਚ ਪੜ੍ਹਨ ਲਾ ਦਿਤਾ। ਰਾਜ ਹੌਲੀ 2 ਪੜ੍ਹਦਾ 2 ਹਾਈ ਸਕੂਲ ਵਿਚ ਚਲਾ ਗਿਆ ਉਹ ਖੇਡਾਂ ਦਾ ਕਾਫ਼ੀ ਸ਼ੁਕੀਨ ਸੀ। ਪੜ੍ਹਨ ਵਿਚ ਕਾਫ਼ੀ ਹੁਸ਼ਿਆਰ ਹੋਣ ਕਰਕੇ ਅਧਿਆਪਕ ਉਸ ਨੂੰ ਚੰਗਾ ਸਮਝਦੇ ਸਨ। ਦੂਜਾ ਉਹ ਜ਼ੈਲਦਾਰ ਦਾ ਦੋਹਤਰਾ ਸੀ। ਹੌਲੀ 2 ਉਹ ਆਪਣੇ ਸਕੂਲ ਦੀ ਕਬੱਡੀ ਦੀ ਟੀਮ ਦਾ ਕੈਪਟਨ ਬਣ ਗਿਆ। ਇਸ ਸਾਲ ਉਸ ਦੀ ਟੀਮ ਟੂਰਨਾਮੈਂਟ ਵਿਚੋਂ ਜ਼ਿਲੇ ਭਰ 'ਚੋਂ ਪਹਿਲੇ ਨੰਬਰ ਤੇ ਆਈ ਸੀ। ਦਸਵੀਂ ਕਰਨ ਤੋਂ ਬਾਅਦ ਉਹ ਨੇੜੇ ਹੀ ਕਾਲਜ ਵਿਚ ਦਾਖਲ ਹੋ ਗਿਆ। ਆਥਣ ਨੂੰ ਉਹ ਪਿੰਡ ਦੇ ਗੱਭਰੂਆਂ ਵਿਚ ਮੇਲਾ ਲਾ ਛਡਦਾ। ਗੱਲ ਕੀ ਉਹ ਹੁਣ ਆਪਣੇ ਪਿੰਡ ਦੇ ਮੁੰਡਿਆਂ ਵਿਚ ਕਾਫ਼ੀ ਹਰਮਨ ਪਿਆਰਾ ਹੋ ਗਿਆ। ਕਾਲਜ ਵਿਚ ਉਹ ਸਿਰਕਢ ਮੁੰਡਾ ਸੀ। ਉਸ ਨੇ ਆਪਣੇ ਪਿੰਡ ਦੀ ਕਬੱਡੀ ਦੀ ਟੀਮ ਬਣਾਈ। ਤੇ ਨਿੱਕੇ 2 ਟੂਰਨਾਮੈਂਟ ਖੇਲਦਾ ਰਿਹਾ। ਹੌਲੀ 2 ਉਸ ਨੇ ਬੀ. ਏ. ਫਾਈਨਲ ਕਰ ਲਿਆ। ਹੁਣ ਉਸ ਨੇ ਕਬੱਡੀ ਵੱਲ ਧਿਆਨ ਦਿਤਾ। ਪਿਛਲੇ ਸਾਲ ਜਦੋਂ ਉਹ ਵਿਸਾਖੀ ਦੇ ਮੇਲੇ ਤੇ ਗਿਆ ਤਾਂ ਉਸ ਨੇ ਪਲਾਹੀ ਵਾਲੇ ਘੁਲੇ ਦਾ ਨਾਂ ਸੁਣਿਆਂ, ਪਰ ਵੇਖ ਨਾ ਸਕਿਆ। ਘੁਦਾ ਭੋਲੇ ਦੀ ਭੂਆ ਦਾ ਪੁੱਤ ਸੀ। ਉਸ ਨੂੰ

IMPORTERS EXPORTERS WHOLESALERS RETAILERS
ROKKO SAREES & FABRICS
OWNED AND OPERATED BY B.S. KHURANA AND SONS AND GRANDSONS
635-BLOOR STREET WEST. TORONTO. ONTARIO. CANADA
Phone 533-1106

ਕਿਸੇ ਤੋਂ ਪਤਾ ਲਗਾ ਕਿ ਹਰੇਕ ਸਾਲ ਪਲਾਹੀ ਵਾਲਾ ਘੁਦਾ ਵਿਸਾਖੀ ਦੇ ਟੂਰਨਾਮੈਂਟ ਪਹਿਲੇ ਤੋਂ ਨੰਬਰ ਤੇ ਆਉਂਦਾ ਹੈ। ਇਸ ਸਾਲ ਉਸ ਦੀ 'ਸੀਲਡ ਪੱਕੀ ਹੋ ਜਾਣੀ ਹੈ। ਰਾਜ ਨੂੰ ਦਿਲ ਵਿਚ ਰੋਹ ਜਗਿਆ ਕਿ ਚਾਹੇ ਕੁਝ ਵੀ ਹੋਏ ਘੁਦੇ ਨੂੰ ਸੀਲਡ ਨਹੀਂ ਲੈ ਜਾਣ ਦੇਣੀ। ਉਸ ਨੇ 3-4 ਤਕੜੇ 2 ਮੁੰਡੇ ਕਬੱਡੀ ਵਾਸਤੇ ਤਿਆਰ ਕੀਤੇ। ਟੂਰਨਾਮੈਂਟ ਦੀ ਉਡੀਕ ਕਰਦਾ ਆਇਆ। ਏਸ ਸਾਲ ਉਸ ਨੇ ਬਲਾਕ ਦੀ ਪਹਿਲੇ ਨੰਬਰ ਤੇ ਟਰਾਫੀ ਜਿੱਤੀ।

ਵਿਸਾਖੀ ਦਾ ਮੇਲਾ ਆਇਆ ਤੇ ਉਸਨੇ ਵੀ ਆਪਣੀ ਟੀਮ ਦੀ ਟਾਈ ਪਾ ਆਂਦੀ, ਟੂਰਨਾਮੈਂਟ ਮੇਲੇ ਤੇ ਬਹੁਤ ਭਾਰੀ ਹੁੰਦਾ ਸੀ।

ਮੇਲੇ ਦੀਆਂ ਖੇਡਾਂ ਸ਼ੁਰੂ ਹੋਈਆਂ। ਪਹਿਲਾਂ ਮੈਚ ਘੁਦੇ ਦਾ ਸੀ ਸੋ ਉਸ ਦੇ ਮੁਕਾਬਲੇ ਕੋਈ ਨਾ ਆਇਆ। ਸਾਰੇ ਖਿਡਾਰੀ ਉਸ ਤੋਂ ਕੰਨੀ ਕਤਰਾਉਂਦੇ ਸਨ। ਇਸ ਤਰ੍ਹਾਂ ਘੁਦਾ ਜਲਦੀ ਹੀ ਫਾਈਨਲ ਵਿਚ ਪਹੁੰਚਿਆ। ਸਾਰੇ ਲੋਕ ਸੋਚਦੇ ਸਨ ਵੇਖੋ ਇਸ ਸਾਲ ਘੁਦੇ ਦੇ ਮੁਕਾਬਲੇ ਕੌਣ ਆਵੇਗਾ। ਦੂਜੇ ਪਾਸੇ ਰੋਜ ਦੀ ਕਾਫੀ ਚੜ੍ਹਾਈ ਸੀ ਉਸ ਨੇ ਵੀ ਕਈਆਂ ਟੀਮਾਂ ਨੂੰ ਜਿਤਕੇ ਆਪਣੀ ਟੀਮ ਸੈਮੀ ਫਾਈਨਲ ਲੈ ਆਂਦੀ। ਹੁਣ ਜਦੋਂ ਦੂਸਰੇ ਦਿਨ ਮੈਚ ਸ਼ੁਰੂ ਹੋਇਆ। ਰਾਜ ਨੇ ਆਪਣੀ ਖੇਡ ਵਿਖਾਈ। ਤੇ ਸੈਮੀਫਾਈਨਲ ਜਿੱਤ ਲਿਆ। ਘੁਦੇ ਨੇ ਰਾਜ ਦੀ ਖੇਡ ਵੇਖੀ ਤਾਂ ਦੰਗ ਹੀ ਰਹਿ ਗਿਆ। ਘੁਦੇ ਨੂੰ ਆਪਣੇ ਆਪ ਤੇ ਮਾਣ ਸੀ ਪਰ ਦੋ ਸਾਲਾਂ ਦੀ ਜਿਤੀ ਟਰਾਫੀ ਇਸ ਸਾਲ ਹੱਥੋਂ ਨਿਕਲਦੀ ਦਿਸੀ। ਜਲਦੀ ਹੀ ਰੈਫਰੀ ਨੇ ਸੀਟੀ ਵਜਾਈ ਦੋਵੇਂ ਟੀਮਾਂ ਮੈਦਾਨ ਵਿਚ ਆਈਆਂ ਰੈਫਰੀ ਨੇ ਦੋਹਾਂ ਟੀਮਾਂ ਨੂੰ ਸੁਝਾਉ ਦਿਤੇ ਤੇ ਖੇਡ ਸ਼ੁਰੂ ਹੋਈ।

ਪਹਿਲੀ ਕੌਡੀ ਰਾਜ ਨੇ ਪਾਈ ਉਸ ਨੇ ਸਾਰੇ ਖਿਡਾਰੀਆਂ ਉਤੋਂ ਗੇੜਾ ਦਿਤਾ ਕਿਸੇ ਵੀ ਉਸ ਨੂੰ ਹੱਥ ਨਾ ਪਾਇਆ। ਹੁਣ ਘੁਦੇ ਨੇ ਕੌਡੀ ਪਾਈ ਤਾਂ ਉਸ ਪੌਂਟ ਲੈ ਆਂਦਾ। ਘੁਦੇ ਵਾਲੇ ਪਾਸੇ ਦਿਆਂ ਆਦਮੀਆਂ ਨੇ ਤਾੜੀ ਵਜਾਈ। ਰਾਜ ਨੇ ਅੱਧੇ ਟਾਈਮ ਤਕ ਕੋਈ ਪੁਂਇੰਟ ਨਾ ਲਿਆਂਦਾ। ਉਸ ਦੇ ਆੜੀ ਕਚੀਚੀਆਂ ਲੈ ਰਹੇ ਸਨ। ਪਰ ਰਾਜ ਨੇ ਜਾਇਜਾ ਲੈ ਲਿਆ ਸੀ ਕਿ ਘੁਦਾ ਕਿੰਨੇ ਕੁ ਪਾਣੀ ਵਿਚ ਹੈ। ਸੀਟੀ ਵੱਜੀ ਪੁਇੰਟ ਸੁਣਾਏ ਗਏ। ਰਾਜ ਦੀ ਟੀਮ ੭ ਪੁਇੰਟਾਂ ਤੇ ਹਾਰਦੀ ਸੀ। ਉਸ ਨੂੰ ਪਤਾ ਸੀ ਕਿ ਕਿਸੇ ਦਾ ਵੀ ਉਸ ਨੂੰ ਫੜਨ ਦਾ ਹੌਂਸਲਾ ਨਹੀਂ ਪੈਂਦਾ। ਪਾਸੇ ਤੋਂ ਉਸ ਦੇ ਪਿੰਡ ਦੇ ਗਭਰੂ ਨੇ ਉਚੀ ਸਾਰੀ ਕਿਹਾ ਰਾਜ ਇਸ ਸਾਲ ਘੁਦੇ ਨਾਲ ਮੁਕਾਬਲਾ ਹੈ, ਮਾੜੇ ਮੋਟੇ ਖਿਡਾਰੀ ਨਾਲ ਨਹੀਂ। ਦੁਬਾਰਾ ਮੈਚ ਸ਼ੁਰੂ ਹੋਇਆ। ਇਸ ਵਾਰ ਖੇਡ ਜਲਦੀ ਗਰਮ ਹੋ ਗਈ। ਰਾਜ ਨੇ ਹਰੇਕ ਦੂਜੀ ਕੌਡੀ ਪਾਉਣੀ ਸ਼ੁਰੂ ਕਰ ਦਿਤੀ। ਉਸ ਨੇ ਹੁਣ ਕਈ ਵਾਰ ਘੁਦੇ ਨੂੰ ਹੱਥ ਲਾ ਕੇ ਪੌਂਟ ਲਿਆਂਦਾ ਸੀ, ਜਲਦੀ ਹੀ ਪੁਇੰਟ ਬਰਾਬਰ ਹੋ ਗਏ। ਘੁਦਾ ਵੀ ਥਾਪੀ ਮਾਰ ਕੇ ਗਿਆ "ਪਾਸੇ ਤੋਂ ਅਵਾਜ਼ ਆਈ ਸੁਕਾ ਨਾ ਜਾਵੇ।" ਰਾਜ ਨੇ ਮੋਰਚਾ ਫੜਿਆ ਤੇ ਥੱਲੇ ਸੁਟ ਲਿਆ। ਰਾਜ ਨੇ ਬਾਅਦ ਵਿਚ ਕਈ ਵਾਰ ਧੌਲ ਮਾਰ ਕੇ ਫੜਿਆ ਸੀ। ਏਸ ਤਰ੍ਹਾਂ ਘੁਦੇ ਨੂੰ ਬਹੁਤ ਵਾਰ ਹੇਠੀ ਆਈ। ਹੁਣ ਅਖੀਰਲਾ ਪੁਇੰਟ ਸੀ, ਰਾਜ ਨੇ ਕੌਡੀ ਪਾਈ। ਘੁਦੇ ਨੇ ਲੱਤਾਂ ਤੋਂ ਫੜਨ ਦੀ ਕੋਸ਼ਿਸ਼ ਕੀਤੀ। ਰਾਜ ਛਾਲ ਮਾਰ ਕੇ ਟੱਪ ਗਿਆ। ਫੇਰ ਕੋਸ਼ਿਸ਼ ਕਰਨ ਤੇ ਵੀ ਫੜਿਆ ਨਾ ਗਿਆ। ਸੀਟੀ ਵੱਜੀ ਪੁਇੰਟ ਸੁਣਾਏ ਗਏ ਤੇ ਰਾਜ ੧੦ ਪੁਇੰਟਾਂ ਤੇ ਜਿੱਤਦਾ ਸੀ। ਇਉਂ ਲਗਦਾ ਸੀ ਜਿਵੇਂ ਉਸ ਨੇ ਦੁਨੀਆਂ ਜਿੱਤ ਲਈ ਹੁੰਦੀ ਹੈ। ਉਸ ਦੇ ਸਾਥੀ ਉਸ ਨੂੰ ਮੋਢਿਆਂ ਤੇ ਚੁਕੀ ਬਾਹਰ ਲਿਆ ਰਹੇ ਸਨ। ਲਹਿੰਦੇ ਪਾਸਿਉਂ ਫਾਇਰ ਹੋਇਆ ਰਾਜ ਦੇ ਡੌਲੇ ਵਿਚੋਂ ਲੰਘ ਗਿਆ। ਕਾਫੀ ਰੌਲਾ ਗੌਲਾ ਹੋਇਆ। ਕੋਈ ਪਤਾ ਨਹੀਂ ਲਗਾ ਕੌਣ ਸੀ। ਜਲਦੀ ਹੀ ਰਾਜ ਨੂੰ ਹਸਪਤਾਲ ਲਿਆਂਦਾ ਗਿਆ। ਕੇਸ ਐਨਾ ਗੰਭੀਰ ਨਹੀਂ ਸੀ।

ਜਦੋਂ ਜ਼ੈਲਦਾਰ ਨੂੰ ਪਤਾ ਲਗਾ ਉਸ ਨੇ ਭੱਜ ਨੱਠ ਕਰ ਕੇ ਪਤਾ ਲਿਆ ਪਤਾ ਲੱਗਾ ਕਿ ਫੱਤਣ ਵਾਲੀਆ ਘੁਲਾ ਸੀ। ਉਸ ਨੂੰ ਬੜਾ ਰੋਹ ਚੜ੍ਹਿਆ ਪਰ ਫੇਰ ਵੀ ਗੁੱਸੇ ਵਿਚ ਆ ਕੇ ਗ਼ਲਤੀ ਨਹੀਂ ਕਰਨੀ ਚਾਹੁੰਦਾ ਸੀ ਉਸ ਨੇ ਆਪਣੇ ਪੁਰਾਣੇ ਸਾਥੀਆਂ ਨੂੰ ਸੁਨੇਹਾ ਘਲਿਆ ਕਿ ਜ਼ੈਲਦਾਰ ਯਾਦ ਕਰਦਾ ਹੈ। ਸਾਰੇ ਉਸ ਕੋਲ ਆ ਗਏ ਉਹਨਾਂ ਪੁਛਿਆ ਕੀ ਗੱਲ ਜ਼ੈਲਦਾਰਾ ਅਜ ਤਾਂ ਇਉਂ ਲਗਦਾ ਜਿਵੇਂ ਬੰਦੂਕਾਂ ਦੀ ਜੰਗਾਲ ਲੁਹਾਣ ਲਈ ਸਦਿਆ ਹੈ। ਜ਼ੈਲਦਾਰ ਨੇ ਗੱਲ ਤੋਰ ਦਿਤੀ। ਇਹ ਸਾਰੇ ਚੜ੍ਹਦੀ ਜੁਆਨੀ ਵਿਚ ਵੱਲੀ ਰਹੇ ਸਨ। ਪਾਲਾ ਜੰਡਿਆਲੇ ਵਾਲਾ ਬੋਲਿਆ, "ਜ਼ੈਲਦਾਰਾ, ਘੁਲਾ ? ਉਹਦਾ ਤਾਂ ਪਰਛਾਂਵਾਂ ਵੀ ਸਾਡੇ ਇਲਾਕੇ ਵਿਚ ਨਹੀਂ ਆ ਸਕਦਾ, ਉਹ ਕਿਵੇਂ ?" ਪਾਲਾ ਬੜਾ ਰਾਠ ਆਦਮੀ ਸੀ। ਉਸ ਨੇ ਕਿਹਾ, "ਜ਼ੈਲਦਾਰਾ ਅਜ ਹੀ ਰਾਤ ਨੂੰ ਤੇਰੇ ਕੋਲ ਮੁਸ਼ਕਾਂ ਬੰਨ੍ਹ ਕੇ ਲਿਆਵਾਂਗਾ।" ਉਸੇ ਵਕਤ ਸਾਰਿਆਂ ਨੇ ਜਾ ਫੱਤਣ ਵਾਲੇ ਤੇ ਧਾਵਾ ਬੋਲਿਆ ਅਧੀ ਰਾਤ ਹੋ ਚੁਕੀ ਸੀ ਪਾਲੇ ਨੇ ਸਾਰਿਆਂ ਨੂੰ ਮੋਰਚਿਆਂ ਤੇ ਖੜਾ ਕਰ ਦਿਤਾ ਤੇ ਲਲਕਾਰਾ ਮਾਰਿਆ, "ਜੰਡਿਆਲੇ ਵਾਲਾ ਪਾਲਾ ਆ ਗਿਆ।" ਘੁਲੇ ਦੇ ਬੋਤਲ ਤੇ ਬੋਤਲ ਠਹਿਕਦੀ ਸੀ। ਅੰਦਰੋਂ ਫਾਇਰ ਹੋਇਆ। ਬਸ ਫੇਰ ਕੀ ਸੀ ਅੰਧਾ-ਧੁੰਧ ਫਾਇਰ ਹੁੰਦੇ ਰਹੇ। ਪਾਲੇ ਦੇ ਦੋ ਸਾਥੀ ਉਸ ਦੇ ਕੋਠੇ ਤੇ ਚੜ੍ਹ ਗਏ। ਤੇ ਫਾਇਰ ਸ਼ੁਰੂ ਕੀਤੇ। ਘੁਲੇ ਹੋਣੀ ਸ਼ਰਾਬੀ ਸਨ ਉਹਨਾਂ ਚੋਂ ਕਈ ਜ਼ਖ਼ਮੀ ਹੋ ਗਏ ਆਪਸ ਵਿਚ ਹੱਫੜਾ-ਦਫੜੀ ਵਿਚ ਘੁਲਾ ਭਜਣ ਲਗਾ। ਇਕ ਫਾਇਰ ਉਸ ਦੀ ਲਤ ਵਿਚੋਂ ਲੰਘ ਗਿਆ। ਪਾਲੇ ਦੇ ਸਾਥੀਆਂ ਉਸ ਨੂੰ ਫੜ ਲਿਆ। ਬੰਨ੍ਹ ਕੇ ਜ਼ੈਲਦਾਰ ਕੋਲ ਲਿਆਏ। ਅਜੇ ਪਹੁ ਫੁਟਾਲਾ ਹੀ ਹੋਇਆ ਸੀ।

ਜਦੋਂ ਘੁਲਾ ਜ਼ੈਲਦਾਰ ਸਾਹਮਣੇ ਹੋਇਆ ਤਾਂ ਅੱਖਾਂ ਨੀਵੀਆਂ ਕਰ ਲਈਆਂ। ਜ਼ੈਲਦਾਰ ਨੇ ਕਿਹਾ, "ਘੁਲਿਆ, ਸੋਚ ਲੈ ਤੂੰ ਕੀਹਦੇ ਨਾਲ ਪੰਗਾ ਲਿਆ ਸੀ ਕੀ ਤੂੰ ਸਮਝਦਾ ਸੀ ਕਿ ਤੇਰੇ ਮੁਕਾਬਲੇ ਤੇ ਕੋਈ ਅੜ ਨਹੀਂ ਸਕਦਾ ? ਤੂੰ ਸਮਝਦਾ ਸੀ ਕਿ ਜ਼ੈਲਦਾਰ ਤੈਥੋਂ ਡਰਦਾ ਹੈ ! ਇਹ ਤੇਰੇ ਦਿਲ ਦਾ ਭੁਲੇਖਾ ਹੀ ਸੀ।" ਘੁਲੇ ਨੇ ਮਿੰਨਤਾਂ ਕੀਤੀਆਂ ਕਿ ਏਸ ਵਾਰ ਮੁਆਫ ਕਰ ਦੇ ਪਰ......ਜ਼ੈਲਦਾਰ ਬੋਲਿਆ, "ਜੋ ਪਿੰਡ ਦੇ ਲੋਕ ਕਹਿਣਗੇ ਉਹ ਸਲੂਕ ਕੀਤਾ ਜਾਵੇਗਾ।" ਪਾਲੇ ਨੇ ਕਿਹਾ, 'ਮਾਰੋ ਸਾਲੇ ਦੇ ਗੋਲੀ। ਲੋਕਾਂ ਨੂੰ ਘਰੀਂ ਜਾ ਕੇ ਡਰਾਉਂਦਾ ਸੀ ਜ਼ਾਤ ਦੀ ਕੋਹੜ ਕਿਰਲੀ ਸ਼ਤੀਰਾ ਨੂੰ ਜੱਫੀਆਂ।"

ਬਾਕੀ ਸਫਾ 55 ਤੇ

MOVIES FOREIGN EXCHANGE CONCERT

SIHOTA DISTRIBUTORS

MANAGER KARTAR SINGH AHLUWALIA

3483 KINGSWAY, VANCOUVER, B.C., CANADA. V5R 5L5.

PHONE: 438-1304 324-2557

# K.P. Restaurant

5572 Victoria Dr.
Vancouver, B.C.

Bus. 321-8617
Res. 521-3395



KULDIP SINGH

ਜਿਨ੍ਹਾ ਦਾ ਕੁੱਕਿਗ ਦਾ ਲਗਾਤਾਰ 18 ਸਾਲ ਦਾ ਤਜਰਬਾ ਹੈ।

ਜਿਥੇ ਤੁਹਾਨੂੰ ਬੱਕਰੇ ਦਾ ਮੀਟ, ਰੋਗਨ ਜੋਸ਼, ਸਾਹਨਾ ਦਮ ਪੁਖਤ, ਚਿਕਨ ਤੰਦੂਰੀ, ਚਿਕਨ ਮੁਗਲਈ, ਚਿਕਨ ਦੀਆ ਹੋਰ ਕਿਸਮਾਂ, ਪੈਨਤਰਾਸ, ਕੀਮੇ ਦੇ ਤੇ ਵੈਜੀਟੇਬਲ ਸਮੋਸੇ, ਸਬਜ਼ੀਆਂ, ਮਸਾਲਾ ਡੋਸਾ, ਕੀਮੇਂ ਦੇ ਨਾਨ, ਪਲੇਨ ਨਾਨ, ਕੀਮੇ ਦੇ ਪਰਾਉਂਠੇ, ਭਟੂਰੇ ਛੋਲੇ, ਚਾਵਲ, ਮਦਰਾਸ ਪਰਾਨ, ਕੀਮਾ ਕੋਫ਼ਤਾ, ਸਪੈਸ਼ਲ ਬੰਗਾਲੀ ਰਸਗੁੱਲੇ, ਰਸਮਲਾਈ, ਤੇ ਹੋਰ ਬਦਾਮ ਤੇ ਪਿਸਤੇ ਦੀਆਂ ਮਠਿਆਈਆਂ, ਤੇ ਵਿਆਹ ਸ਼ਾਦੀਆਂ ਵਾਸਤੇ ਖਾਸ ਪ੍ਰਬੰਧ ਕੀਤਾ ਜਾਦਾ ਹੈ।

ਖਾਸ ਸਪੈਸ਼ਲਟੀ

ਇਥੇ ਚਿਕਨ, ਬੱਕਰਾ, ਤੇਠਤੇ, ਸੂਰ, ਤੇ ਮੱਛੀ ਦਾ ਆਹਾਰ ਮਿਲਦਾ ਹੈ

ਇਕ ਵਾਰ ਅਜ਼ਮਾਕੇ ਵੇਖੋ।

ਅਸੀ ਡਲਿਵਰੀ ਵੀ ਕਰਦੇ ਹਾਂ।



Chit Ranjan Mangat
Representative
Res. 594-2254

Sadru Mitha
Representative
Res. 524-8213

PLEASE CALL

We are glad to give information regarding following benefits.

1. Review of your life insurance policies regardless of company.
2. Your estate planning and investment portfolio.
3. **TAX SAVINGS** plans under new income tax act.
4. Family Plans.
5. **MORTGAGE CANCELLATION** Coverage.
6. **CHILDREN'S EDUCATIONAL** Saving Plans.
7. **DISABILITY INCOME COVERAGE.**
8. Metropolitan self completing **SAVINGS PLANS** which completes **INFLATION.**
9. Group benefits for your employees including **DENTAL COVERAGE.**
10. **BUSINESS INSURANCE** II Goverenment Social Benefits.
12. **PENSION PLANS** (Annuities)

# Metropolitan Life Insurance Co.

Suite 950, Brentwood Shopping Centre
Burnaby 2, B.C. Phone 291-6856

LITERARY & CULTURAL MONTHLY OF PANJABI
THE WATNO DUR
Post Box No. 1041 Coquitlam, B.C., Canada
July 1974 No. 13
ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ-ਸੱਭਿਆਚਾਰਕ ਮਾਸਕ ਪੱਤਰ: ਵਤਨੋਂ ਦੂਰ
SECOND CLASS MAIL
REGISTRATION NUMBER 3233




Hakim Gill

# GILL SALES




**Furniture, Appliances, Carpets & Drapes**




SPECIAL: 26" SOLID STATE COLOR TV
ONLY $995.99 WITH TRADE




## Sealy Posturepedic Imperial

All the support and comfort that makes Posturepedic the largest selling mattress of its kind. This Unique Back Support System gives you the benefit of coils "programmed" to be firmer where body weight is concentrated. Torsion bar foundation adds firmness and durability to protect your mattress investment. Rich damask cover deep quilted to Sealyfoam®. Start your day with "no morning backache from sleeping on a too-soft mattress."

Twin Size 39"x75" mattress or matching foundation, each piece.......... $109.95

Full Size 54"x75" mattress or matching foundation, each piece.......... $129.95

Queen Size 60"x80" 2-piece set, Innerspring.......... $319.95

King Size 76"x80" 3-piece set, Innerspring.......... $439.95

**WE ALSO LAY WALL TO WALL CARPETING**

**4525 Main Street — Vancouver, B.C.**

**Off.: 872-8478** Mobile: 6M46 **Res.: 435-4504**